ਸ਼ੁੱਕਰਵਾਰ, 4 ਅਗਸਤ, 2023
20 ਸਾਉਣ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 64

# ਨਵਾਂ ਜ਼ਮਾਨਾ

DAILY NAWAN ZAMANA • FRIDAY, 4 AUGUST, 2023 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160
YouTube nawan zamana TV

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

# ਚੋਣਾਂ ਜਿੱਤਣ ਲਈ ਹਾਕਮ ਕੁਝ ਵੀ ਕਰਾ ਸਕਦੇ : ਮਲਿਕ

**ਨਵੀਂ ਦਿੱਲੀ** : ਜੰਮੂ-ਕਸ਼ਮੀਰ ਦੇ ਸਾਬਕਾ ਰਾਜਪਾਲ ਸੱਤਪਾਲ ਮਲਿਕ ਨੇ ਕਿਹਾ ਹੈ ਕਿ ਹਰਿਆਣਾ ਦੇ ਨੂਹ ਵਿਚ ਸ਼ੁਰੂ ਹੋਈ ਤੇ ਰਾਜ ਦੇ ਵੱਖ-ਵੱਖ ਸਥਾਨਾਂ ਵਿਚ ਫੈਲੀ ਹਿੰਸਾ ਅਚਾਨਕ ਨਹੀਂ ਹੋਈ। ਫਿਰਕੂ ਵੰਡ ਪੈਦਾ ਕਰਨ ਦੇ ਮਕਸਦ ਨਾਲ 7-8 ਥਾਵਾਂ 'ਤੇ ਗਿਣ-ਮਿਥ ਕੇ ਹਮਲੇ ਕੀਤੇ ਗਏ।

ਕਾਂਸਟੀਚਿਊਸ਼ਨ ਕਲੱਬ ਵਿਚ ਇਕ ਪ੍ਰੋਗਰਾਮ ਦੌਰਾਨ ਉਨ੍ਹਾ ਕਿਹਾ—ਜੇ ਇਨ੍ਹਾਂ ਲੋਕਾਂ 'ਤੇ ਕਾਬੂ ਨਾ ਪਾਇਆ ਗਿਆ ਤਾਂ ਪੂਰਾ ਦੇਸ਼ ਮਨੀਪੁਰ ਵਾਂਗ ਜਲ ਜਾਏਗਾ। ਜਾਟ ਸੰਸਕ੍ਰਿਤੀ ਜਾਂ ਪਰੰਪਰਾ ਤੋਂ ਆਰੀਆ ਸਮਾਜ ਦੀ ਜੀਵਨ ਸ਼ੈਲੀ ਵਿਚ ਵਿਸ਼ਵਾਸ ਕਰਦੇ ਹਨ ਅਤੇ ਬਹੁਤੇ ਧਾਰਮਕ ਨਹੀਂ ਹਨ। ਨਾ ਹੀ ਇਸ ਖੇਤਰ ਦੇ ਮੁਸਲਮਾਨਾਂ ਦਾ ਨਜ਼ਰੀਆ ਪਰੰਪਰਕ ਹੈ। ਇਸ ਲਈ ਆਜ਼ਾਦੀ ਦੇ ਬਾਅਦ ਤੋਂ ਕਦੇ ਕਿਸੇ ਨੇ ਦੋਹਾਂ ਭਾਈਚਾਰਿਆਂ ਵਿਚਾਲੇ ਟਕਰਾਅ ਹੁੰਦਾ ਨਹੀਂ ਸੁਣਿਆ। ਅਜਿਹੇ ਹਮਲੇ 2024 ਤੱਕ ਹੋਰ ਵਧਣਗੇ, ਜਿਵੇਂ ਕਿ ਮਨੀਪੁਰ ਵਿਚ ਨਜ਼ਰ ਆ ਰਿਹਾ ਹੈ।

ਸਮਾਜੀ ਕਾਰਕੁਨਾਂ ਦੇ ਛੇ ਗਰੁੱਪਾਂ ਵੱਲੋਂ ਕੌਮੀ ਸੁਰੱਖਿਆ ਮਾਮਲਿਆਂ 'ਤੇ ਹੋਏ ਪ੍ਰੋਗਰਾਮ ਵਿਚ ਪੁਲਵਾਮਾ ਤੇ ਬਾਲਾਕੋਟ ਹਮਲਿਆਂ 'ਤੇ ਦੋ ਮਤੇ ਵੀ ਪਾਸ ਕੀਤੇ ਗਏ। ਸਰਕਾਰ ਤੋਂ ਮੰਗ ਕੀਤੀ ਗਈ ਕਿ ਪੁਲਵਾਮਾ ਹਮਲੇ ਦੀ ਰਿਪੋਰਟ ਨੂੰ ਕਾਰਵਾਈ ਰਿਪੋਰਟ ਦੇ ਨਾਲ ਜਨਤਕ ਕੀਤਾ ਜਾਵੇ। ਇਸ ਲਈ ਜ਼ਿੰਮੇਵਾਰ ਲੋਕਾਂ ਖਿਲਾਫ ਕੀਤੀ ਗਈ ਕਾਰਵਾਈ 'ਤੇ ਵ੍ਹਾਈਟ ਪੇਪਰ ਜਾਰੀ ਕੀਤਾ ਜਾਏ। ਸੁਪਰੀਮ ਕੋਰਟ ਦੀ ਨਿਗਰਾਨੀ ਵਾਲੀ ਕਮੇਟੀ ਪੁਲਵਾਮਾ ਤਰਾਸਦੀ ਦੀ ਜਾਂਚ ਕਰੇ।

ਪ੍ਰੋਗਰਾਮ ਵਿਚ ਆਏ ਲੋਕਾਂ ਨੇ ਦੇਸ਼ ਦੇ ਤੀਰਥ ਸਥੱਲਾਂ 'ਤੇ ਸੁਰੱਖਿਆ ਵਧਾਉਣ ਦੀ ਮੰਗ ਵੀ ਚੁੱਕੀ। ਉਨ੍ਹਾਂ ਨੂੰ ਡਰ ਹੈ ਕਿ ਆਉਂਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਅਯੁੱਧਿਆ ਵਿਚ ਉਸਰ ਰਹੇ ਰਾਮ ਮੰਦਰ ਜਾਂ ਭਾਰਤ ਦੇ ਕਿਸੇ ਹੋਰ ਪ੍ਰਮੁੱਖ ਮੰਦਰ 'ਤੇ ਹਮਲਾ ਕੀਤਾ ਜਾ ਸਕਦਾ ਹੈ। ਮਲਿਕ ਨੇ ਕਿਹਾ—ਸਰਕਾਰ ਲੋਕਾਂ ਦੇ ਧਰੁਵੀਕਰਨ ਤੇ ਚੋਣਾਂ ਜਿੱਤਣ ਲਈ ਅਜਿਹਾ ਕਰ ਸਕਦੀ ਹੈ। ਉਨ੍ਹਾ ਕਿਹਾ ਕਿ ਅਲ-ਕਾਇਦਾ ਦੀ ਰਾਮ ਮੰਦਰ ਨੂੰ ਉਡਾਉਣ ਦੀ ਧਮਕੀ ਨੂੰ ਗੰਭੀਰਤਾ ਨਾਲ ਲਿਆ ਜਾਏ। ਪ੍ਰੋਗਰਾਮ 'ਚ ਸਾਂਸਦ ਦਿਗਵਿਜੇ ਸਿੰਘ, ਦਾਨਿਸ਼ ਅਲੀ, ਕੁਮਾਰ ਕੇਤਕ, ਜੌਹਨ ਬ੍ਰਿਟਾਸ ਤੇ ਵਕੀਲ ਪ੍ਰਸ਼ਾਂਤ ਭੂਸ਼ਣ ਨੇ ਵੀ ਵਿਚਾਰ ਰੱਖੇ।



ਮਲਿਕ ਦੇ ਭਾਸ਼ਣ 'ਤੇ ਦਰਸ਼ਕਾਂ ਦੀ ਪ੍ਰਤੀਕ੍ਰਿਆ ਤੋਂ ਸਪੱਸ਼ਟ ਸੀ ਕਿ ਪੁਲਵਾਮਾ ਜਾਂ ਬਾਲਾਕੋਟ ਵਿਚ ਜੋ ਹੋਇਆ ਉਸ ਵਿਚ ਦਿਲਚਸਪੀ ਘੱਟ ਨਹੀਂ ਹੋਈ। ਪਹਿਲੇ ਜਿੱਥੇ ਲੋਕ ਕਾਨਾਫੂਸੀ ਕਰਦੇ ਸਨ ਕਿ ਪੁਲਵਾਮਾ ਹਮਲਾ ਭਾਰਤੀ ਏਜੰਸੀ ਵੱਲੋਂ ਕੀਤਾ ਗਿਆ ਸੀ, ਉਥੇ ਹੁਣ ਸਾਰੇ ਬੁਲਾਰਿਆਂ ਨੇ ਖੁੱਲ੍ਹੇ ਤੌਰ 'ਤੇ ਸ਼ੰਕਾ ਪ੍ਰਗਟਾਈ ਕਿ ਹਮਲਾ ਪਾਕਿਸਤਾਨ ਵੱਲੋਂ ਨਹੀਂ ਹੋਇਆ ਸੀ।

ਮਲਿਕ ਨੇ ਕਿਹਾ—ਪੁਲਵਾਮਾ ਤੋਂ ਬਾਅਦ ਮੋਦੀ ਨੇ ਤ੍ਰਾਸਦੀ ਦਾ ਫਾਇਦਾ ਉਠਾਇਆ ਤੇ ਭੀੜ ਨੂੰ ਕਿਹਾ ਕਿ ਜਦ ਉਹ ਵੋਟ ਪਾਉਣ ਤਾਂ ਪੁਲਵਾਮਾ ਨੂੰ ਯਾਦ ਰੱਖਣ। ਕਈ ਸਵਾਲਾਂ ਦੇ ਜਵਾਬ ਮਿਲਣੇ ਬਾਕੀ ਹਨ—ਆਰ ਡੀ ਐੱਕਸ ਕਿੱਥੋਂ ਆਇਆ? ਰਾਹ ਵਿਚ ਦੋਨੋਂ ਪਾਸੇ 10 ਕਿੱਲੋਮੀਟਰ ਤੱਕ ਸੁਰੱਖਿਆ ਦਾ ਇੰਤਜ਼ਾਮ ਕਿਉਂ ਨਹੀਂ ਕੀਤਾ ਗਿਆ ਜਾਂ ਕੋਈ ਤਾਇਨਾਤੀ ਕਿਉਂ ਨਹੀਂ ਸੀ? ਸੀ ਆਰ ਪੀ ਐੱਫ ਦੀ ਜਵਾਨ ਲਿਜਾਣ ਲਈ ਜਹਾਜ਼ ਦੀ ਮੰਗ ਕਿਉਂ ਨਾਮਨਜ਼ੂਰ ਕੀਤੀ ਗਈ?

ਪ੍ਰਸ਼ਾਂਤ ਭੂਸ਼ਣ ਦੀ ਇਸ ਹਮਲੇ ਤੋਂ ਪਹਿਲਾਂ 11 ਇੰਟੈਲੀਜੈਂਸ ਰਿਪੋਰਟਾਂ ਹੋਣ ਦੀ ਗੱਲ ਦਾ ਖੰਡਨ ਕਰਦਿਆਂ ਮਲਿਕ ਨੇ ਕਿਹਾ—ਰਾਜਪਾਲ ਵਜੋਂ ਮੈਨੂੰ ਇਕ ਦਿਨ ਵਿਚ ਤਿੰਨ ਖੁਫੀਆ ਰਿਪੋਰਟਾਂ ਮਿਲਦੀਆਂ ਸਨ, ਜਿਨ੍ਹਾਂ ਵਿਚ ਹਰੇਕ 'ਚ ਇਕ ਦਹਿਸ਼ਤੀ ਹਮਲੇ ਦਾ ਵੇਰਵਾ ਹੁੰਦਾ ਸੀ, ਜਿਹੜਾ ਮੇਰੇ ਜਾਂ ਸਰਕਾਰ 'ਤੇ ਹੋ ਸਕਦਾ ਸੀ। ਮੈਨੂੰ ਫੌਜ ਨੇ ਖਬਰਦਾਰ ਕੀਤਾ ਸੀ ਕਿ ਮੈਂ ਸੜਕੀ ਰਸਤੇ ਸਫਰ ਨਾ ਕਰਾਂ, ਸਗੋਂ ਹੈਲੀਕਾਪਟਰ ਆਦਿ ਦੀ ਵਰਤੋਂ ਕਰਾਂ। ਅਜਿਹੀ ਇਕ ਵੀ ਖੁਫੀਆ ਰਿਪੋਰਟ ਨਹੀਂ ਸੀ ਕਿ ਸੁਰੱਖਿਆ ਬਲਾਂ ਦੇ ਕਾਫਲੇ 'ਤੇ ਹਮਲਾ ਕੀਤਾ ਜਾ ਸਕਦਾ ਹੈ।

ਮਲਿਕ ਨੇ ਕਿਹਾ—2024 ਵਿਚ ਵੀ ਕੁਝ ਇਸ ਤਰ੍ਹਾਂ ਦੀ ਯੋਜਨਾ ਬਣਾਈ ਜਾ ਸਕਦੀ ਹੈ। ਉਹ ਇਕ ਪ੍ਰਮੁਖ ਭਾਜਪਾ ਆਗੂ ਦੀ ਹੱਤਿਆ ਕਰ ਸਕਦੇ ਹਨ ਜਾਂ ਰਾਮ ਮੰਦਰ 'ਤੇ ਬੰਬ ਸੁਟਵਾ ਸਕਦੇ ਹਨ। ਅਜੀਤ ਡੋਵਾਲ (ਕੌਮੀ ਸੁਰੱਖਿਆ ਸਲਾਹਕਾਰ) ਅੱਜਕੱਲ੍ਹ ਸੰਯੁਕਤ ਅਰਬ ਅਮੀਰਾਤ ਦਾ ਦੌਰਾ ਕਿਉਂ ਕਰ ਰਹੇ ਹਨ? ਉਹ ਉਥੋਂ ਦੇ ਹੁਕਮਰਾਨਾਂ ਤੋਂ ਹਮਾਇਤ ਜੁਟਾ ਰਹੇ ਹਨ ਕਿ ਉਹ ਪਾਕਿਸਤਾਨੀਆਂ 'ਤੇ ਦਬਾਅ ਪਾਉਣ ਕਿ ਜਦੋਂ ਸਾਡੀ ਫੌਜ ਮਕਬੂਜ਼ਾ ਕਸ਼ਮੀਰ ਵਿਚ ਦਾਖਲ ਹੋਵੇ ਤਾਂ ਉਹ ਜਵਾਬੀ ਕਾਰਵਾਈ ਨਾ ਕਰਨ। ਉਹ ਕੁਝ ਦਿਨ ਉਥੇ ਰੁਕਣਗੇ ਤੇ ਵਾਪਸ ਆ ਕੇ ਚੋਣ ਜਿੱਤਣ ਦੀ ਉਮੀਦ ਕਰਨਗੇ। ਲੋਕਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਹ ਕੀ ਕਰ ਰਹੇ ਹਨ।

ਪ੍ਰਸ਼ਾਂਤ ਭੂਸ਼ਣ ਨੇ ਕਿਹਾ ਕਿ ਲੋਕਾਂ ਨੂੰ ਇਨ੍ਹਾਂ ਮੁੱਦਿਆਂ 'ਤੇ ਗੱਲਾਂ ਕਰਨੀਆਂ ਚਾਹੀਦੀਆਂ ਹਨ ਤੇ ਵੋਟਰਾਂ ਨੂੰ ਜਾਗਰੂਕ ਕਰਨਾ ਚਾਹੀਦਾ ਹੈ।

## ਲੈਪਟਾਪ, ਟੈਬਲੇਟ ਦੀ ਦਰਾਮਦ 'ਤੇ ਰੋਕ



**ਨਵੀਂ ਦਿੱਲੀ** : ਸਰਕਾਰ ਨੇ ਲੈਪਟਾਪ, ਟੈਬਲੇਟ, ਆਲ-ਇਨ-ਵਨ ਪਰਸਨਲ ਕੰਪਿਊਟਰ, ਅਲਟਰਾ ਸਮਾਲ ਫਾਰਮ ਫੈਕਟਰ ਕੰਪਿਊਟਰਾਂ ਅਤੇ ਸਰਵਰਾਂ ਦੀ ਦਰਾਮਦ 'ਤੇ ਪਾਬੰਦੀ ਲਗਾ ਦਿੱਤੀ ਹੈ। ਇਹ ਹੁਕਮ ਤੁਰੰਤ ਲਾਗੂ ਹੋ ਗਿਆ ਹੈ। ਕਿਸੇ ਉਤਪਾਦ ਦੀ ਦਰਾਮਦ 'ਤੇ ਪਾਬੰਦੀ ਲਗਾਉਣ ਦਾ ਅਰਥ ਹੈ ਕਿ ਉਨ੍ਹਾਂ ਦੀ ਦਰਾਮਦ ਲਈ ਲਾਇਸੈਂਸ ਜਾਂ ਸਰਕਾਰੀ ਇਜਾਜ਼ਤ ਲਾਜ਼ਮੀ ਹੈ। ਵਿਦੇਸ਼ੀ ਵਪਾਰ ਡਾਇਰੈਕਟੋਰੇਟ ਜਨਰਲ ਨੇ ਵੀਰਵਾਰ ਇਸ ਬਾਰੇ ਜਾਰੀ ਨੋਟੀਫਿਕੇਸ਼ਨ 'ਚ ਕਿਹਾ ਹੈ ਇਸ ਕਦਮ ਦਾ ਉਦੇਸ਼ ਚੀਨ ਵਰਗੇ ਦੇਸ਼ਾਂ ਤੋਂ ਦਰਾਮਦ ਨੂੰ ਘਟਾਉਣਾ ਹੈ।

## ਜਹਾਜ਼ ਉਤਾਰਨਾ ਪਿਆ

**ਕੋਚੀ** : ਕੇਰਲਾ ਦੇ ਸ਼ਹਿਰ ਕੋਚੀ ਤੋਂ ਸ਼ਾਰਜਾਹ ਜਾ ਰਹੇ ਏਅਰ ਇੰਡੀਆ ਐਕਸਪ੍ਰੈਸ ਦੇ ਜਹਾਜ਼ ਦੇ ਯਾਤਰੀ ਵੱਲੋਂ ਉਡਾਣ ਭਰਨ ਤੋਂ ਤੁਰੰਤ ਬਾਅਦ ਕੁੱਝ ਸੜਨ ਦੀ ਬਦਬੂ ਆਉਣ ਦੀ ਸ਼ਿਕਾਇਤ ਕਰਨ ਤੋਂ ਬਾਅਦ 2 ਅਗਸਤ ਦੀ ਦੇਰ ਰਾਤ ਨੂੰ ਹਵਾਈ ਅੱਡੇ 'ਤੇ ਜਹਾਜ਼ ਨੂੰ ਉਤਾਰ ਦਿੱਤਾ ਗਿਆ। ਜਾਂਚ 'ਚ ਕੁਝ ਵੀ ਗਲਤ ਨਹੀਂ ਮਿਲਿਆ, ਪਰ ਏਅਰ ਇੰਡੀਆ ਐਕਸਪ੍ਰੈਸ ਨੇ ਇਕ ਹੋਰ ਜਹਾਜ਼ ਦਾ ਪ੍ਰਬੰਧ ਕੀਤਾ, ਜੋ 175 ਯਾਤਰੀਆਂ ਨੂੰ ਲੈ ਕੇ ਸ਼ਾਰਜਾਹ ਲਈ ਰਵਾਨਾ ਹੋਇਆ।

## ਤਨਮਨਜੀਤ ਨੂੰ ਦੋ ਘੰਟੇ ਹਵਾਈ ਅੱਡੇ 'ਤੇ ਰੁਕਣਾ ਪਿਆ




**ਅੰਮ੍ਰਿਤਸਰ** : ਇੰਗਲੈਂਡ ਦੇ ਪਹਿਲੇ ਪਗੜੀਧਾਰੀ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੂੰ ਇਥੇ ਰਾਜਾਸਾਂਸੀ ਸਥਿਤ ਸ੍ਰੀ ਗੁਰੂ ਰਾਮਦਾਸ ਜੀ ਕੌਮਾਂਤਰੀ ਹਵਾਈ ਅੱਡੇ 'ਤੇ ਦਸਤਾਵੇਜ਼ਾਂ ਦੀ ਘਾਟ ਕਾਰਨ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਕਰੀਬ ਦੋ ਘੰਟਿਆਂ ਤੱਕ ਰੋਕੀ ਰੱਖਿਆ ਅਤੇ ਦਸਤਾਵੇਜ਼ ਪੂਰੇ ਹੋਣ ਮਗਰੋਂ ਜਾਣ ਦਿੱਤਾ। ਸੂਤਰਾਂ ਮੁਤਾਬਕ ਉਹ ਵੀਰਵਾਰ ਸਵੇਰੇ ਏਅਰ ਇੰਡੀਆ ਦੀ ਉਡਾਣ ਰਾਹੀਂ ਇੰਗਲੈਂਡ ਤੋਂ ਅੰਮ੍ਰਿਤਸਰ ਪੁੱਜੇ ਸਨ।

## ਅਮਰੀਕਾ ਭਾਰਤ-ਪਾਕਿ ਸਿੱਧੀ ਗੱਲਬਾਤ ਦਾ ਸਮਰਥਕ

**ਵਾਸ਼ਿੰਗਟਨ** : ਅਮਰੀਕਾ ਦੇ ਸੀਨੀਅਰ ਅਧਿਕਾਰੀ ਨੇ ਕਿਹਾ ਹੈ ਕਿ ਉਨ੍ਹਾਂ ਦਾ ਦੇਸ਼ ਭਾਰਤ ਅਤੇ ਪਾਕਿਸਤਾਨ ਵਿਚਾਲੇ ਸਿੱਧੀ ਗੱਲਬਾਤ ਦਾ ਸਮਰਥਨ ਕਰਦਾ ਹੈ। ਸਰਹੱਦ ਪਾਰ ਦਹਿਸ਼ਤਗਰਦੀ ਅਤੇ ਕਸ਼ਮੀਰ ਮਸਲਿਆਂ ਸਮੇਤ ਵੱਖ-ਵੱਖ ਮਾਮਲਿਆਂ ਕਾਰਨ ਭਾਰਤ ਅਤੇ ਪਾਕਿਸਤਾਨ ਵਿਚਾਲੇ ਸੰਬੰਧ ਤਣਾਅਪੂਰਨ ਹਨ। ਭਾਰਤ ਦਾ ਕਹਿਣਾ ਹੈ ਕਿ ਉਹ ਪਾਕਿਸਤਾਨ ਨਾਲ ਆਮ ਗੁਆਂਢੀ ਵਾਲੇ ਰਿਸ਼ਤੇ ਚਾਹੁੰਦਾ ਹੈ ਪਰ ਦਹਿਸ਼ਤਗਰਦੀ ਅਤੇ ਦੁਸ਼ਮਣੀ ਤੋਂ ਮੁਕਤ ਮਾਹੌਲ ਬਣਾਉਣ ਦੀ ਜ਼ਿੰਮੇਵਾਰੀ ਇਸਲਾਮਾਬਾਦ 'ਤੇ ਹੈ। ਵਿਦੇਸ਼ ਵਿਭਾਗ ਦੇ ਬੁਲਾਰੇ ਮੈਥਿਊ ਮਿਲਰ ਨੇ ਆਪਣੀ ਨਿਯਮਤ ਪ੍ਰੈੱਸ ਕਾਨਫਰੰਸ 'ਚ ਕਿਹਾ-ਅਸੀਂ ਲੰਬੇ ਸਮੇਂ ਤੋਂ ਕਹਿ ਰਹੇ ਹਾਂ ਕਿ ਅਸੀਂ ਭਾਰਤ ਅਤੇ ਪਾਕਿਸਤਾਨ ਦਰਮਿਆਨ ਸਿੱਧੀ ਗੱਲਬਾਤ ਦਾ ਸਮਰਥਨ ਕਰਦੇ ਹਾਂ। ਇਹ ਲੰਬੇ ਸਮੇਂ ਤੋਂ ਸਾਡਾ ਸਟੈਂਡ ਰਿਹਾ ਹੈ।

## ਅਭਿਨੇਤਰੀ ਡਰੱਗ ਕੇਸ 'ਚ ਛੁੱਟ ਕੇ ਸ਼ਾਰਜਾਹ ਤੋਂ ਮੁੰਬਈ ਪੁੱਜੀ



**ਮੁੰਬਈ** : ਅਭਿਨੇਤਰੀ ਕ੍ਰਿਸ਼ਨਾ ਪਰੇਰਾ ਡਰੱਗ ਮਾਮਲੇ 'ਚ ਯੂ ਏ ਈ ਤੋਂ ਰਿਹਾਅ ਹੋਣ ਤੋਂ ਬਾਅਦ ਮੁੰਬਈ ਪਰਤ ਆਈ ਹੈ। 27 ਸਾਲਾ ਪਰੇਰਾ, ਜਿਸ ਨੇ ਮਹੇਸ਼ ਭੱਟ ਦੁਆਰਾ ਨਿਰਦੇਸ਼ਤ ਫਿਲਮ ਸੜਕ-2 'ਚ ਅਭਿਨੈ ਕੀਤਾ ਸੀ, ਨੂੰ 1 ਅਪਰੈਲ ਨੂੰ ਸ਼ਾਰਜਾਹ ਹਵਾਈ ਅੱਡੇ 'ਤੇ ਯਾਦਗਾਰੀ ਚਿੰਨ੍ਹ ਦੇ ਅੰਦਰ ਨਸ਼ੀਲੇ ਪਦਾਰਥ ਨਿਕਲਣ ਤੋਂ ਬਾਅਦ ਹਿਰਾਸਤ 'ਚ ਲੈ ਲਿਆ ਗਿਆ ਸੀ। ਉਸ ਨੂੰ ਕੁਝ ਲੋਕਾਂ ਨੇ ਇਹ ਯਾਦਗਾਰੀ ਚਿੰਨ੍ਹ ਸੰਯੁਕਤ ਅਰਬ ਅਮੀਰਾਤ (ਯੂ ਏ ਈ) 'ਚ ਕਿਸੇ ਨੂੰ ਦੇਣ ਲਈ ਕਿਹਾ ਸੀ। ਉਸ ਨੇ ਮਹੀਨਾ ਸ਼ਾਰਜਾਹ ਜੇਲ੍ਹ 'ਚ ਬਿਤਾਇਆ। ਮਾਮਲੇ ਦੀ ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਉਸ ਨੂੰ ਕੁਝ ਲੋਕਾਂ ਨੇ ਫਸਾਇਆ ਸੀ, ਜਿਨ੍ਹਾਂ ਨੂੰ ਬਾਅਦ 'ਚ ਮੁੰਬਈ ਕ੍ਰਾਈਮ ਬ੍ਰਾਂਚ ਨੇ ਗ੍ਰਿਫਤਾਰ ਕਰ ਲਿਆ ਸੀ। ਸ਼ਾਰਜਾਹ 'ਚ ਅਧਿਕਾਰੀਆਂ ਵੱਲੋਂ ਮਾਮਲੇ ਦੀ ਜਾਂਚ ਕਰਨ ਅਤੇ ਮੁੰਬਈ ਪੁਲਸ ਵੱਲੋਂ ਕੇਸ ਨਾਲ ਸੰਬੰਧਤ ਦਸਤਾਵੇਜ਼ ਭੇਜਣ ਤੋਂ ਬਾਅਦ ਉਸ ਨੂੰ ਰਿਹਾਅ ਕਰ ਦਿੱਤਾ ਗਿਆ, ਪਰ ਕੁਝ ਕਾਨੂੰਨੀ ਕਾਰਵਾਈਆਂ ਕਾਰਨ ਉਹ ਤੁਰੰਤ ਇੱਥੇ ਵਾਪਸ ਨਹੀਂ ਆ ਸਕੀ।

# ਰਾਜਜੀਤ ਦੀ ਅਰਜ਼ੀ ਖਾਰਜ



**ਚੰਡੀਗੜ੍ਹ** : ਹਜ਼ਾਰਾਂ ਕਰੋੜ ਰੁਪਏ ਦੇ ਡਰੱਗ ਰੈਕਟ ਮਾਮਲੇ ਦੇ ਮੁਲਜ਼ਮ ਬਰਖਾਸਤ ਏ ਆਈ ਜੀ ਰਾਜਜੀਤ ਸਿੰਘ ਦੀ ਜ਼ਮਾਨਤ ਦੀ ਅਰਜ਼ੀ ਵੀਰਵਾਰ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਖਾਰਜ ਕਰ ਦਿੱਤੀ। ਹੁਣ ਉਸ ਨੂੰ ਪੁਲਸ ਅੱਗੇ ਸਰੰਡਰ ਕਰਨਾ ਪਵੇਗਾ। ਰਾਜਜੀਤ 'ਤੇ ਅਪਰਾਧਕ ਸਾਜ਼ਿਸ਼, ਰਿਕਾਰਡ ਵਿਚ ਹੇਰਾਫੇਰੀ ਤੇ ਜਬਰਨ ਵਸੂਲੀ ਦੇ ਦੋਸ਼ਾਂ ਤਹਿਤ ਮਾਮਲਾ ਦਰਜ ਹੈ। ਮਾਮਲੇ ਵਿਚ ਸਾਬਕਾ ਮੰਤਰੀ ਤੇ ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਵੀ ਮੁਲਜ਼ਮ ਹਨ।

ਇਸ ਤੋਂ ਪਹਿਲਾਂ ਸਰਕਾਰ ਰਾਜਜੀਤ ਦਾ ਲੁਕਆਊਟ ਸਰਕੂਲਰ ਜਾਰੀ ਕਰ ਚੁੱਕੀ ਹੈ। ਵਿਜੀਲੈਂਸ ਬਿਊਰੋ ਉਸ ਦੀ ਡਰੱਗ ਮਨੀ ਨਾਲ ਬਣਾਈ ਸੰਪਤੀ ਦਾ ਪਤਾ ਲਾਉਣਾ ਚਾਹੁੰਦਾ ਹੈ, ਪਰ ਉਸ ਨੂੰ ਅਜੇ ਤੱਕ ਫੜਿਆ ਨਹੀਂ ਜਾ ਸਕਿਆ। ਮਜੀਠੀਆ ਖਿਲਾਫ 20 ਦਸੰਬਰ 2021 ਨੂੰ ਮੁਹਾਲੀ 'ਚ ਐੱਨ ਡੀ ਪੀ ਐੱਸ ਐਕਟ ਤਹਿਤ ਕੇਸ ਦਰਜ ਕੀਤਾ ਗਿਆ ਸੀ ਤੇ ਉਨ੍ਹਾ ਨੂੰ ਜੇਲ੍ਹ ਵਿਚ ਵੀ ਰਹਿਣਾ ਪਿਆ ਸੀ। ਅੱਜਕੱਲ੍ਹ ਉਹ ਜ਼ਮਾਨਤ 'ਤੇ ਹਨ।

ਇਹ ਮਾਮਲਾ ਹਾਈ ਕੋਰਟ ਵੱਲੋਂ ਦਿੱਤੇ ਜਾਂਚ ਦੇ ਹੁਕਮ ਤੋਂ ਬਾਅਦ ਉਸ ਨੂੰ ਸੌਂਪੀਆਂ ਗਈਆਂ ਸੀਲਬੰਦ ਰਿਪੋਰਟਾਂ ਦੀਆਂ ਲੱਭਤਾਂ ਦੇ ਆਧਾਰ 'ਤੇ ਚੱਲ ਰਿਹਾ ਹੈ।

## ਹਰਿਆਣਾ ਦੀਆਂ ਘਟਨਾਵਾਂ ਸੰਘ-ਭਾਜਪਾ ਦੇ ਕੋਝੇ ਮਨਸੂਬਿਆਂ ਦਾ ਨਤੀਜਾ : ਫਾਸ਼ੀ ਹਮਲਿਆਂ ਵਿਰੋਧੀ ਫਰੰਟ

**ਜਲੰਧਰ (ਕੇਸਰ/ਥਾਪਾ)**

'ਫਾਸ਼ੀ ਹਮਲਿਆਂ ਵਿਰੋਧੀ ਫਰੰਟ' ਵਿੱਚ ਸ਼ਾਮਲ ਪਾਰਟੀਆਂ ਅਤੇ ਮੰਚਾਂ ਦੇ ਆਗੂਆਂ ਨੇ ਸੰਘ ਪਰਵਾਰ ਨਾਲ ਸੰਬੰਧਤ ਕੱਟੜਵਾਦੀ ਸੰਗਠਨਾਂ ਦੇ ਖਰੂਦੀ ਕਾਰਕੁਨਾਂ ਵੱਲੋਂ ਪੈਦਾ ਕੀਤੀਆਂ ਭੜਕਾਹਟਾਂ ਦੇ ਨਤੀਜੇ ਵਜੋਂ ਹਰਿਆਣਾ ਅੰਦਰ ਫੈਲੀ ਫਿਰਕੂ ਹਿੰਸਾ ਦੇ ਦੋਸ਼ੀਆਂ ਦੀਆਂ ਅੱਗ ਲਵਾਊ ਹਿੰਸਕ ਕਾਰਵਾਈਆਂ ਨੂੰ ਸਖਤੀ ਨਾਲ ਕਾਬੂ ਕੀਤੇ ਜਾਣ ਦੀ ਮੰਗ ਕੀਤੀ ਹੈ। ਆਗੂਆਂ ਨੇ ਉੱਤਰ-ਪੂਰਬੀ ਸੂਬੇ ਮਨੀਪੁਰ ਅੰਦਰ 3 ਮਈ ਤੋਂ ਜਾਰੀ ਕਤਲੋਗਾਰਤ, ਇਸਤਰੀਆਂ ਦੀ ਬੇਹੁਰਮਤੀ ਦੀਆਂ ਨਮੋਸ਼ੀਜਨਕ ਵਾਰਦਾਤਾਂ ਅਤੇ ਵਿਆਪਕ ਸਾੜ-ਫੂਕ ਤੇ ਹਜੂਮੀ ਹਿੰਸਾ 'ਤੇ ਵੀ ਸਖਤੀ ਨਾਲ ਰੋਕ ਲਾਏ ਜਾਣ ਦੀ ਮੰਗ ਕੀਤੀ ਹੈ।

ਆਗੂਆਂ ਨੇ ਉਕਤ ਮਾਮਲਿਆਂ 'ਚ ਪ੍ਰਧਾਨ ਮੰਤਰੀ ਦੀ ਸ਼ਰਮਨਾਕ ਤੇ ਮੁਜਰਮਾਨਾ ਚੁੱਪੀ ਅਤੇ ਧਾਰਮਕ ਤੇ ਨਸਲੀ ਘੱਟ ਗਿਣਤੀਆਂ ਦੀਆਂ ਜ਼ਿੰਦਗੀਆਂ, ਜਾਇਦਾਦਾਂ ਤੇ ਧਾਰਮਕ ਸਥਾਨਾਂ 'ਤੇ ਕੇਂਦਰ ਦੇ ਪ੍ਰਸ਼ਾਸਨਿਕ ਢਾਂਚੇ ਅਤੇ ਸੂਬਾਈ ਭਾਜਪਾ ਸਰਕਾਰਾਂ ਦੀ ਗੁੱਝੀ ਸਹਿਮਤੀ ਨਾਲ ਕੀਤੇ ਜਾ ਰਹੇ ਹਮਲਿਆਂ ਦਾ ਵੀ ਗੰਭੀਰ ਨੋਟਿਸ ਲਿਆ ਹੈ। ਰੇਲ ਗੱਡੀ 'ਚ ਇਕ ਪੁਲਸ ਮੁਲਾਜ਼ਮ ਵੱਲੋਂ ਕੀਤਾ ਗਿਆ ਤਿੰਨ ਬੇਗੁਨਾਹ ਮੁਸਲਮਾਨਾਂ ਦਾ ਕਤਲ ਦੇਸ਼ ਅੰਦਰਲੀ ਗੰਭੀਰ ਸਥਿਤੀ ਨੂੰ ਦਰਸਾਉਂਦਾ ਹੈ।

ਸੀ ਪੀ ਆਈ ਪੰਜਾਬ ਦੇ ਸਕੱਤਰ ਬੰਤ ਬਰਾੜ, ਆਰ ਐੱਮ ਪੀ ਆਈ ਦੇ ਜਨਰਲ ਸਕੱਤਰ ਮੰਗਤ ਰਾਮ ਪਾਸਲਾ, ਸੀ ਪੀ ਆਈ (ਐੱਮ ਐੱਲ) ਨਿਊ ਡੈਮੋਕ੍ਰੇਸੀ ਦੇ ਸੀਨੀਅਰ ਆਗੂ ਅਜਮੇਰ ਸਿੰਘ ਸਮਰਾ, ਸੀ ਪੀ ਆਈ (ਐੱਮ ਐੱਲ) ਲਿਬਰੇਸ਼ਨ ਦੇ ਸੂਬਾ ਸਕੱਤਰ ਗੁਰਮੀਤ ਸਿੰਘ ਬਖਤਪੁਰ, ਐੱਮ ਸੀ ਪੀ ਆਈ-ਯੂ ਦੀ ਪੋਲਿਟ ਬਿਊਰੋ ਦੇ ਮੈਂਬਰ

● ਬਾਕੀ ਸਫ਼ਾ 2 'ਤੇ

# ਚਾਹਲ ਖਿਲਾਫ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦਾ ਕੇਸ ਦਰਜ

**ਚੰਡੀਗੜ੍ਹ (ਗੁਰਜੀਤ ਬਿੱਲਾ/ਕ੍ਰਿਸ਼ਨ ਗਰਗ)**



ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਸਾਬਕਾ ਮੀਡੀਆ ਸਲਾਹਕਾਰ ਭਰਤਇੰਦਰ ਸਿੰਘ ਚਾਹਲ ਵਿਰੁੱਧ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦਾ ਕੇਸ ਦਰਜ ਕੀਤਾ ਗਿਆ ਹੈ। ਕੇਸ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਭ੍ਰਿਸ਼ਟਾਚਾਰ ਵਿਰੋਧੀ ਐਕਟ ਦੀਆਂ ਧਾਰਾਵਾਂ 13 (1) ਬੀ, 13 (2) ਅਧੀਨ ਥਾਣਾ ਵਿਜੀਲੈਂਸ ਬਿਊਰੋ ਪਟਿਆਲਾ ਰੇਂਜ ਵਿਖੇ ਚਾਹਲ ਖਿਲਾਫ ਮਾਮਲਾ ਦਰਜ ਕੀਤਾ ਗਿਆ ਹੈ।

ਉਨ੍ਹਾ ਦੱਸਿਆ ਕਿ ਜਾਂਚ ਦੌਰਾਨ ਸਾਹਮਣੇ ਆਇਆ ਹੈ ਕਿ ਮਾਰਚ 2017 ਤੋਂ ਸਤੰਬਰ 2021 ਤੱਕ ਸਾਬਕਾ ਮੀਡੀਆ ਸਲਾਹਕਾਰ ਚਾਹਲ ਅਤੇ ਉਸ ਦੇ ਪਰਵਾਰਕ ਮੈਂਬਰਾਂ ਦੀ ਆਮਦਨ 7,85,16,905 ਰੁਪਏ ਸੀ, ਜਦੋਂਕਿ 31,79,89,011 ਰੁਪਏ ਖਰਚ ਕੀਤੇ ਗਏ, ਜੋ ਕਿ ਆਮਦਨ ਦੇ ਜ਼ਾਹਰਾ ਸਰੋਤਾਂ ਤੋਂ ਲੱਗਭੱਗ 305 ਫ਼ੀਸਦੀ ਵੱਧ ਹਨ। ਚਾਹਲ ਨੇ ਆਪਣੇ ਅਤੇ ਆਪਣੇ ਪਰਵਾਰਕ ਮੈਂਬਰਾਂ ਦੇ ਨਾਂਅ 'ਤੇ ਕਈ ਜਾਇਦਾਦਾਂ ਬਣਾਈਆਂ, ਜਿਨ੍ਹਾਂ ਵਿੱਚ ਸਰਹਿੰਦ ਰੋਡ ਪਟਿਆਲਾ ਉਤੇ ਸਥਿਤ ਦਸਮੇਸ਼ ਲਗਜ਼ਰੀ ਵੈਡਿੰਗ ਰਿਜ਼ੋਰਟ (ਅਲਕਾਜ਼ਾਰ), ਮਿੰਨੀ ਸਕੱਤਰੇਤ ਰੋਡ ਪਟਿਆਲਾ ਉਤੇ 2595 ਗਜ਼ ਦੀ ਪੰਜ ਮੰਜ਼ਲਾ ਕਮਰਸ਼ੀਅਲ ਇਮਾਰਤ (ਪਸ਼ੂ ਪਾਲਣ ਵਿਭਾਗ ਦੀ ਸਾਈਟ), ਨਾਭਾ ਰੋਡ 'ਤੇ ਟੋਲ ਪਲਾਜ਼ਾ ਨੇੜੇ ਪਿੰਡ ਕਲਿਆਣ ਵਿਖੇ 72 ਕਨਾਲ 14 ਮਰਲੇ ਜ਼ਮੀਨ ਸ਼ਾਮਲ ਹੈ। ਇਸ ਤੋਂ ਇਲਾਵਾ ਉਸ ਨੇ ਫ਼ਤਿਹਗੜ੍ਹ ਸਾਹਿਬ ਜ਼ਿਲ੍ਹੇ ਦੇ ਪਿੰਡ ਮਾਲਾਹੇੜੀ ਤੇ ਹਰਬੰਸਪੁਰਾ ਵਿਖੇ ਵੀ ਜ਼ਮੀਨ ਖਰੀਦੀ ਹੈ। ਬੁਲਾਰੇ ਨੇ ਦੱਸਿਆ ਕਿ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# ਤਾਵੜੂ 'ਚ ਮਸਜਿਦ 'ਤੇ ਹਮਲਾ



ਨੂਹ ਦੀ ਹਿੰਸਾ ਦੇ ਸੰਬੰਧ ਵਿਚ ਗ੍ਰਿਫਤਾਰ ਨੌਜਵਾਨ।

**ਗੁਰੂਗ੍ਰਾਮ** : ਹਰਿਆਣਾ ਦੇ ਨੂਹ ਜ਼ਿਲ੍ਹੇ ਦੇ ਤਾਵੜੂ 'ਚ ਬੁੱਧਵਾਰ ਰਾਤ ਮੋਟਰਸਾਈਕਲ ਸਵਾਰ ਹਮਲਾਵਰਾਂ ਨੇ ਇਕ ਮਸਜਿਦ 'ਤੇ ਪੈਟਰੋਲ ਬੰਬ ਸੁੱਟ ਕੇ ਉਸ ਨੂੰ ਅੱਗ ਲਗਾ ਦਿੱਤੀ ਤੇ ਦੂਜੀ ਨੂੰ ਅੱਗ ਸ਼ਾਰਟ ਸਰਕਟ ਨਾਲ ਲੱਗਣ ਦਾ ਦਾਅਵਾ ਕੀਤਾ ਜਾ ਰਿਹਾ ਹੈ। ਪੁਲਸ ਨੇ ਦੱਸਿਆ ਕਿ ਬੁੱਧਵਾਰ ਰਾਤ ਕਰੀਬ 11.30 ਵਜੇ ਹੋਈਆਂ ਇਨ੍ਹਾਂ ਘਟਨਾਵਾਂ 'ਚ ਕੋਈ ਜ਼ਖਮੀ ਨਹੀਂ ਹੋਇਆ। ਜਿਨ੍ਹਾਂ ਮਸਜਿਦਾਂ 'ਤੇ ਹਮਲਾ ਕੀਤਾ ਗਿਆ, ਉਨ੍ਹਾਂ 'ਚੋਂ ਇਕ ਵਿਜੈ ਚੌਕ ਨੇੜੇ ਅਤੇ ਦੂਜੀ ਪੁਲਸ ਸਟੇਸ਼ਨ ਕੋਲ ਸਥਿਤ ਹੈ। ਘਟਨਾਵਾਂ ਦੀ ਸੂਚਨਾ ਮਿਲਦੇ ਹੀ ਦੋ ਫਾਇਰ ਟੈਂਡਰ ਮਸਜਿਦਾਂ ਵੱਲ ਭੇਜੇ ਗਏ ਅਤੇ ਅੱਗ 'ਤੇ ਕਾਬੂ ਪਾ ਲਿਆ ਗਿਆ। ਕੁਝ ਅਣਪਛਾਤੇ ਹਮਲਾਵਰਾਂ ਨੇ ਪਲਵਲ ਜ਼ਿਲ੍ਹੇ ਦੇ ਮੀਨਾਰ ਗੇਟ ਬਾਜ਼ਾਰ 'ਚ ਚੂੜੀਆਂ ਦੀ ਦੁਕਾਨ ਨੂੰ ਵੀ ਅੱਗ ਲਾ ਦਿੱਤੀ। ਇਸ ਦੌਰਾਨ ਹਰਿਆਣਾ ਹਿੰਸਾ ਦੇ ਸੰਬੰਧ 'ਚ ਕੁੱਲ ਗ੍ਰਿਫਤਾਰੀਆਂ ਦੀ ਗਿਣਤੀ 176 ਹੋ ਗਈ ਹੈ। ਨੂਹ 'ਚ ਸਵੇਰੇ 10 ਵਜੇ ਤੋਂ ਬਾਅਦ ਦੁਪਹਿਰ 1 ਵਜੇ ਤੱਕ ਕਰਫਿਊ 'ਚ ਢਿੱਲ ਦਿੱਤੀ ਗਈ।

## ਗਹਿਲੋਤ ਦਾ ਖੱਟਰ ਨੂੰ ਮੋੜਵਾਂ ਜਵਾਬ

**ਚੰਡੀਗੜ੍ਹ** : ਨਾਸਿਰ-ਜੁਨੈਦ ਕਤਲ ਕਾਂਡ ਦੇ ਮੁਲਜ਼ਮ ਮੋਨੂੰ ਮਾਨੇਸਰ ਦੀ ਗ੍ਰਿਫਤਾਰੀ ਨੂੰ ਲੈ ਕੇ ਹਰਿਆਣਾ ਅਤੇ ਰਾਜਸਥਾਨ ਆਹਮੋ-ਸਾਹਮਣੇ ਹੋ ਗਏ ਹਨ। ਬੁੱਧਵਾਰ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਮੋਨੂੰ ਮਾਨੇਸਰ ਦੀ ਗ੍ਰਿਫਤਾਰੀ ਨੂੰ ਲੈ ਕੇ ਰਾਜਸਥਾਨ ਸਰਕਾਰ ਨੂੰ ਹਰ ਸੰਭਵ ਸਹਿਯੋਗ ਦੇਣ ਦਾ ਦਾਅਵਾ ਕੀਤਾ ਸੀ। ਉਨ੍ਹਾ ਇਹ ਵੀ ਕਿਹਾ ਸੀ ਕਿ ਹਰਿਆਣਾ ਪੁਲਸ ਕੋਲ ਮੋਨੂੰ ਮਾਨੇਸਰ ਬਾਰੇ ਕੋਈ ਜਾਣਕਾਰੀ ਨਹੀਂ ਹੈ। ਖੱਟਰ ਦੇ ਇਸ ਬਿਆਨ ਤੋਂ ਬਾਅਦ ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਮੋੜਵਾਂ ਜਵਾਬ ਦਿੰਦਿਆਂ ਟਵੀਟ ਕੀਤਾ ਹੈ-ਮੁੱਖ ਮੰਤਰੀ ਮਨੋਹਰ ਲਾਲ ਮੀਡੀਆ 'ਚ ਬਿਆਨ ਦਿੰਦੇ ਹਨ ਕਿ ਉਹ ਰਾਜਸਥਾਨ ਪੁਲਸ ਦੀ ਹਰ ਸੰਭਵ ਮਦਦ ਕਰਨਗੇ, ਪਰ ਜਦੋਂ ਸਾਡੀ ਪੁਲਸ ਨਾਸਿਰ-ਜੁਨੈਦ ਕਤਲ ਕਾਂਡ ਦੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਗਈ ਤਾਂ ਹਰਿਆਣਾ ਪੁਲਸ ਨੇ ਸਹਿਯੋਗ ਨਹੀਂ ਕੀਤਾ, ਉਲਟਾ ਰਾਜਸਥਾਨ ਪੁਲਸ ਖਿਲਾਫ ਕੇਸ ਦਰਜ ਕਰ ਦਿੱਤਾ। ਹਰਿਆਣਾ ਪੁਲਸ ਫਰਾਰ ਮੁਲਜ਼ਮਾਂ ਨੂੰ ਲੱਭਣ 'ਚ ਰਾਜਸਥਾਨ ਪੁਲਸ ਨਾਲ ਸਹਿਯੋਗ ਨਹੀਂ ਦੇ ਰਹੀ।

# ਭਾਜਪਾਈ ਕੇਜਰੀਵਾਲ ਫੋਬੀਆ ਦੇ ਸ਼ਿਕਾਰ : ਰਾਘਵ ਚੱਢਾ



**ਨਵੀਂ ਦਿੱਲੀ** : ਦਿੱਲੀ ਸਰਕਾਰ ਨਾਲ ਸੰਬੰਧਤ ਆਰਡੀਨੈਂਸ 'ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਸੰਸਦ ਵਿੱਚ ਦਿੱਤੇ ਬਿਆਨ ਦਾ ਜਵਾਬ ਦਿੰਦੇ ਹੋਏ ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਰਾਘਵ ਚੱਢਾ ਨੇ ਕਿਹਾ ਕਿ ਭਾਜਪਾ ਵਾਲੇ ਕੇਜਰੀਵਾਲ ਫੋਬੀਆ ਦੇ ਸ਼ਿਕਾਰ ਹੋ ਗਏ ਹਨ। ਕੇਜਰੀਵਾਲ ਤੋਂ ਡਰ ਦੇ ਕਾਰਨ ਹੀ ਇਹ ਬਿੱਲ ਲੈ ਕੇ ਆਏ ਹਨ। ਉਨ੍ਹਾ ਕਿਹਾ ਕਿ ਭਾਜਪਾ ਦੀ ਸਿਆਸੀ ਜ਼ਮੀਨ ਦਿੱਲੀ 'ਚ ਨਹੀਂ ਬਚੀ। ਦਰਅਸਲ ਭਾਜਪਾ ਦਿੱਲੀ ਸਰਕਾਰ ਦਾ ਮਹੱਤਵ ਖਤਮ ਕਰਨਾ ਚਾਹੁੰਦੀ ਹੈ। ਚੱਢਾ ਨੇ ਕਿਹਾ ਕਿ ਗ੍ਰਹਿ ਮੰਤਰੀ ਦੇ ਸਦਨ ਦੇ ਅੰਦਰ ਦਿੱਤੇ ਬਿਆਨ ਤੋਂ ਦਿੱਲੀ ਸੇਵਾ ਬਿੱਲ ਲਿਆਉਣ ਦੀ ਉਨ੍ਹਾ ਦੀ ਅਸਲੀ ਇੱਛਾ ਸਪੱਸ਼ਟ ਹੋ ਗਈ ਹੈ। ਗ੍ਰਹਿ ਮੰਤਰੀ ਨੇ ਕਿਹਾ ਕਿ 2015 ਤੱਕ ਦਿੱਲੀ 'ਚ ਸਭ ਕੁਝ ਠੀਕ ਚੱਲ ਰਿਹਾ ਸੀ, ਪਰ 2015 ਤੋਂ ਬਾਅਦ ਸਾਨੂੰ ਦਿੱਲੀ ਸਰਕਾਰ ਤੋਂ ਸਾਰੀਆਂ ਸ਼ਕਤੀਆਂ ਲੈਣ ਦੀ ਲੋੜ ਪੈ ਗਈ, ਇਸ ਲਈ ਅਸੀਂ ਇਹ ਦਿੱਲੀ ਸੇਵਾ ਬਿੱਲ ਲਿਆ ਰਹੇ ਹਾਂ। ਮਤਲਬ ਉਨ੍ਹਾ ਇਹ ਮੰਨਿਆ ਕਿ ਉਨ੍ਹਾ ਨੂੰ ਅਰਵਿੰਦ ਕੇਜਰੀਵਾਲ ਤੋਂ ਡਰ ਲੱਗਦਾ ਹੈ। ਚੱਢਾ ਨੇ ਪੁਰਾਣੀ ਕਮੇਟੀ ਦੀਆਂ ਰਿਪੋਰਟਾਂ, ਪੰਡਤ ਨਹਿਰੂ, ਡਾਕਟਰ ਅੰਬੇਡਕਰ ਅਤੇ ਸਰਦਾਰ ਵੱਲਭ ਭਾਈ ਪਟੇਲ ਦੀ ਸਟੇਟਮੈਂਟ 'ਤੇ ਕਿਹਾ ਕਿ ਉਨ੍ਹਾਂ 30 ਅਤੇ 40 ਦੇ ਦਹਾਕੇ 'ਚ ਇਹ ਰਾਏ ਰੱਖੀ ਸੀ ਕਿ ਦਿੱਲੀ 'ਚ ਸਰਕਾਰ ਨਹੀਂ ਹੋਣੀ ਚਾਹੀਦੀ। ਅਮਿਤ ਸ਼ਾਹ ਨੂੰ ਪੰਡਤ ਨਹਿਰੂ, ਸਰਦਾਰ ਵੱਲਭ ਭਾਈ ਪਟੇਲ ਅਤੇ ਡਾਕਟਰ ਅੰਬੇਡਕਰ ਦੇ ਬਿਆਨ ਦੇਖਣ ਦੀ ਬਜਾਏ 1980, 1990 ਅਤੇ 2000 ਦੇ ਦਹਾਕਿਆਂ 'ਚ ਦਿੱਤੇ ਆਪਣੀ ਪਾਰਟੀ ਦੇ ਨੇਤਾਵਾਂ ਦੇ ਬਿਆਨ ਵੇਖਣੇ ਚਾਹੀਦੇ ਹਨ। ਲਾਲ ਕ੍ਰਿਸ਼ਨ

● ਬਾਕੀ ਸਫ਼ਾ 2 'ਤੇ

## ਸੁਪਰੀਮ ਕੋਰਟ ਦੇ ਫੈਸਲੇ ਦੀ ਉਲੰਘਣਾ ਨਹੀਂ ਕੀਤੀ : ਸ਼ਾਹ

**ਨਵੀਂ ਦਿੱਲੀ** : ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵੀਰਵਾਰ ਕਿਹਾ ਕਿ ਸੰਸਦ 'ਚ 'ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਸਰਕਾਰ ਸੋਧ ਬਿੱਲ' ਲਿਆ ਕੇ ਸੁਪਰੀਮ ਕੋਰਟ ਦੇ ਫੈਸਲੇ ਦੀ ਕਿਸੇ ਵੀ ਤਰ੍ਹਾਂ ਉਲੰਘਣਾ ਨਹੀਂ ਕੀਤੀ ਅਤੇ ਸੰਵਿਧਾਨ ਦੇ ਤਹਿਤ ਸੰਸਦ ਕੋਲ ਕੇਂਦਰ ਸ਼ਾਸਤ ਪ੍ਰਦੇਸ਼ ਦਿੱਲੀ ਨਾਲ ਸੰਬੰਧਤ ਕਿਸੇ ਵੀ ਵਿਸ਼ੇ 'ਤੇ ਕਾਨੂੰਨ ਬਣਾਉਣ ਦਾ ਪੂਰਾ ਅਧਿਕਾਰ ਹੈ। ਬਿੱਲ 'ਤੇ ਚਰਚਾ ਅਤੇ ਪਾਸ ਕਰਨ ਲਈ ਪੇਸ਼ ਕਰਦਿਆਂ ਸ਼ਾਹ ਨੇ ਕਿਹਾ-ਦਿੱਲੀ ਨਾ ਤਾਂ ਪੂਰਨ ਰਾਜ ਹੈ ਅਤੇ ਨਾ ਹੀ ਪੂਰਾ ਕੇਂਦਰ ਸ਼ਾਸਤ ਪ੍ਰਦੇਸ਼। ਰਾਸ਼ਟਰੀ ਰਾਜਧਾਨੀ ਹੋਣ ਦੇ ਨਾਤੇ ਸੰਵਿਧਾਨ ਦੀ ਧਾਰਾ 239 ਏ ਏ 'ਚ ਇਸ ਲਈ ਵਿਸ਼ੇਸ਼ ਵਿਵਸਥਾ ਹੈ। ਇਸ ਬਾਰੇ ਇਤਿਹਾਸਕ ਪਿਛੋਕੜ ਦਾ ਜ਼ਿਕਰ ਕਰਦੇ ਹੋਏ ਸ਼ਾਹ ਨੇ ਕਿਹਾ ਕਿ ਪੱਟਾਭੀ ਸੀਤਾਰਮਈਆ ਕਮੇਟੀ ਨੇ ਦਿੱਲੀ ਨੂੰ ਪੂਰਨ ਰਾਜ ਦਾ ਦਰਜਾ ਦੇਣ ਦੀ ਸਿਫਾਰਸ਼ ਕੀਤੀ ਸੀ। ਜਦੋਂ ਇਹ ਮਾਮਲਾ ਤੱਤਕਾਲੀ ਸੰਵਿਧਾਨ ਸਭਾ ਦੇ ਸਾਹਮਣੇ ਆਇਆ ਤਾਂ ਪੰਡਿਤ ਜਵਾਹਰ ਲਾਲ ਨਹਿਰੂ, ਸਰਦਾਰ ਪਟੇਲ, ਰਾਜਾਜੀ (ਰਾਜਗੋਪਾਲਾਚਾਰੀ), ਡਾ. ਰਾਜੇਂਦਰ ਪ੍ਰਸਾਦ ਅਤੇ ਡਾ. ਭੀਮ ਰਾਓ ਅੰਬੇਡਕਰ ਨੇ ਦਿੱਲੀ ਨੂੰ ਪੂਰਨ ਰਾਜ ਦਾ ਦਰਜਾ ਦੇਣ ਦਾ ਵਿਰੋਧ ਕੀਤਾ ਸੀ।

## ਤਹਿਸੀਲਦਾਰ ਦੇ ਨਾਂਅ 'ਤੇ 7 ਹਜ਼ਾਰ ਮੰਗਣ ਦੇ ਦੋਸ਼ 'ਚ ਕਾਬੂ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਪੰਜਾਬ ਵਿਜੀਲੈਂਸ ਬਿਊਰੋ ਨੇ ਰਮਨ ਕੌੜਾ ਦੇ ਨਾਂਅ ਦੇ ਇੱਕ ਪ੍ਰਾਈਵੇਟ ਵਿਅਕਤੀ, ਜੋ ਆਪਣੇ ਆਪ ਨੂੰ ਜ਼ਿਲ੍ਹਾ ਲੁਧਿਆਣਾ ਦੇ ਕੋਹਾੜਾ ਦਾ ਪਟਵਾਰੀ ਦੱਸਦਾ ਸੀ, ਨੂੰ ਤਹਿਸੀਲਦਾਰ ਦੇ ਨਾਂਅ 'ਤੇ 7000 ਰੁਪਏ ਰਿਸ਼ਵਤ ਮੰਗਣ ਦੇ ਦੋਸ਼ ਵਿੱਚ ਕਾਬੂ ਕੀਤਾ ਹੈ। ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਅਮਰਜੀਤ ਸਿੰਘ ਵਾਸੀ ਈਸ਼ਰ ਨਗਰ, ਲੁਧਿਆਣਾ ਨੇ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ 'ਤੇ ਸ਼ਿਕਾਇਤ ਦਰਜ ਕਰਵਾਈ ਕਿ ਉਸ ਦੇ ਸਹੁਰੇ ਰਤਨ ਚੰਦ ਦੀ ਮੌਤ ਤੋਂ ਬਾਅਦ ਉਸ ਦੀ ਸੱਸ ਸੁਨੀਤਾ ਦੇਵੀ ਅਤੇ ਉਸ ਦੇ ਬੱਚਿਆਂ ਦੇ ਨਾਂਅ ਜਾਇਦਾਦ ਦਾ ਇੰਤਕਾਲ ਦਰਜ ਕਰਵਾਉਣਾ ਸੀ, ਜਿਸ ਲਈ ਮੁਲਜ਼ਮ ਰਮਨ ਕੌੜਾ ਨੇ ਤਹਿਸੀਲਦਾਰ ਦੇ ਨਾਂਅ 'ਤੇ 7000 ਰੁਪਏ ਰਿਸ਼ਵਤ ਮੰਗੀ ਸੀ। ਸ਼ਿਕਾਇਤਕਰਤਾ ਨੇ ਇਸ ਸੰਬੰਧੀ ਇੱਕ ਆਡੀਓ ਰਿਕਾਰਡਿੰਗ ਵੀ ਪੇਸ਼ ਕੀਤੀ ਸੀ।

## ਭਾਜਪਾ ਸ਼ਾਸਤ ਰਾਜਾਂ 'ਚ ਦਲਿਤਾਂ 'ਤੇ ਵੱਡੇ ਪੱਧਰ 'ਤੇ ਅੱਤਿਆਚਾਰ : ਚੀਮਾ

**ਚੰਡੀਗੜ੍ਹ (ਗੁਰਜੀਤ ਬਿੱਲਾ)**



ਮਨੀਪੁਰ ਅਤੇ ਹਰਿਆਣਾ ਵਿੱਚ ਹੋਈ ਹਿੰਸਾ ਨੂੰ ਲੈ ਕੇ ਆਮ ਆਦਮੀ ਪਾਰਟੀ ਨੇ ਭਾਜਪਾ 'ਤੇ ਤਿੱਖਾ ਹਮਲਾ ਕੀਤਾ ਹੈ। ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਭਾਜਪਾ ਦੇ ਸ਼ਾਸਨ ਵਾਲੇ ਰਾਜਾਂ ਵਿੱਚ ਬੱਚਿਆਂ, ਔਰਤਾਂ ਅਤੇ ਆਦਿਵਾਸੀਆਂ 'ਤੇ ਅੱਤਿਆਚਾਰ ਹੋ ਰਹੇ ਹਨ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸ 'ਤੇ ਕਾਰਵਾਈ ਕਰਨ ਦੀ ਬਜਾਏ ਚੁੱਪ ਵੱਟੀ ਬੈਠੇ ਹਨ। ਮੋਦੀ ਸਰਕਾਰ ਨੂੰ ਨਾ ਔਰਤਾਂ ਦੀ ਚੀਕ ਸੁਣਾਈ ਦੇ ਰਹੀ ਹੈ, ਨਾ ਹੀ ਬੱਚਿਆਂ ਦਾ ਰੋਣਾ।

ਵੀਰਵਾਰ ਚੰਡੀਗੜ੍ਹ 'ਚ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਹਰਪਾਲ ਚੀਮਾ ਨੇ ਕਿਹਾ ਕਿ ਅੱਜ ਭਾਜਪਾ ਦੀ ਸਰਕਾਰ 'ਚ ਦੇਸ਼ 'ਚ ਜੋ ਮਾਹੌਲ ਬਣਿਆ ਹੈ, ਉਸ ਨੇ ਭਾਰਤ ਨੂੰ ਦੁਨੀਆ 'ਚ ਸ਼ਰਮਸਾਰ ਕਰ ਦਿੱਤਾ ਹੈ। ਉਨ੍ਹਾ ਕਿਹਾ ਕਿ ਮਨੀਪੁਰ ਵਿੱਚ ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਫੇਲ੍ਹ ਹੋ ਚੁੱਕੀ ਹੈ। ਔਰਤਾਂ 'ਤੇ ਅੱਤਿਆਚਾਰ ਵੱਡੇ ਪੱਧਰ 'ਤੇ ਹੋ ਰਹੇ ਹਨ। ਹੁਣ ਭਾਜਪਾ ਸ਼ਾਸਤ ਰਾਜ ਹਰਿਆਣਾ ਵੀ ਮਨੀਪੁਰ ਵਾਂਗ ਅੱਗ ਦੀ ਲਪੇਟ ਵਿਚ ਹੈ। 100 ਦੇ ਕਰੀਬ ਲੋਕ ਜ਼ਖਮੀ ਹੋਏ ਅਤੇ 6 ਦੀ ਮੌਤ ਹੋ ਗਈ, ਪਰ ਪ੍ਰਧਾਨ ਮੰਤਰੀ ਨੇ ਇਨ੍ਹਾਂ ਮੁੱਦਿਆਂ 'ਤੇ ਕੁਝ ਨਹੀਂ ਕਿਹਾ। ਇਸ ਤੋਂ ਸਾਫ ਜ਼ਾਹਰ ਹੁੰਦਾ ਹੈ ਕਿ ਭਾਜਪਾ ਦੀ ਅਗਵਾਈ ਵਿੱਚ ਹੀ ਦੇਸ਼ ਨੂੰ ਤੋੜਨ ਦੀ ਵੱਡੀ ਸਾਜ਼ਿਸ਼ ਰਚੀ

● ਬਾਕੀ ਸਫ਼ਾ 2 'ਤੇ

## ਅੱਜ-ਨਾਮਾ

ਫਸਿਆ ਬੁਰਾ ਹੈ ਖਾਨ ਇਮਰਾਨ ਕਹਿੰਦੇ,
ਅਦਾਲਤ ਕਿਸੇ ਵੀ ਪਾਈ ਨਾ ਖੈਰ ਬੇਲੀ।
ਆਸਰੇ ਭਾਲਦਾ ਕਈ ਥਾਂ ਤਾਣ ਲਾਉਂਦਾ,
ਟਿਕਿਆ ਕਿਤੇ ਨਹੀਂ ਜਾਪਦਾ ਪੈਰ ਬੇਲੀ।
ਜਿਹੜੇ ਟੱਬਰ ਦੇ ਰਿਹਾ ਸੀ ਪਿਆ ਪਿੱਛੇ,
ਮਗਰ ਪਿਆ ਉਹ ਕੱਢਣ ਨੂੰ ਵੈਰ ਬੇਲੀ।
ਜਿਨ੍ਹਾਂ ਯਾਰਾਂ ਤੋਂ ਮਦਦ ਲਈ ਆਸ ਹੈ ਸੀ,
ਫੇਰ ਗਏ ਅੱਖੀਆਂ, ਬਣੇ ਪਏ ਗੈਰ ਬੇਲੀ।
ਪਲਟੀ ਖਾਧੀ ਤੇ ਵਕਤ ਦੀ ਮਾਰ ਪੈ ਗਈ,
ਹੋਏ ਫਿਰ ਵੈਰੀ ਹਨ ਰਾਹਾਂ ਦੇ ਕੱਖ ਬੇਲੀ।
ਮਿਲਿਆ ਰਾਜ ਤਾਂ ਪਿਆ ਉਹ ਰਾਹ ਪੁੱਠੇ,
ਸਕਿਆ ਸੰਭਲ ਕੇ ਹੋਸ਼ ਨਹੀਂ ਰੱਖ ਬੇਲੀ।

-ਤੀਸ ਮਾਰ ਖਾਂ

# ਮੁਕਾਬਲੇ ਤੋਂ ਬਾਅਦ ਕਿੱਲੋ ਹੈਰੋਇਨ ਤੇ ਪਿਸਤੌਲ ਸਣੇ ਕਾਬੂ



**ਜੰਡਿਆਲਾ ਗੁਰੂ** : ਇੱਥੋਂ ਨੇੜੇ ਅੰਮ੍ਰਿਤਸਰ-ਜਲੰਧਰ ਜੀਟੀ ਰੋਡ 'ਤੇ ਸਥਿਤ ਕਸਬਾ ਮਾਨਾਂਵਾਲਾ ਵਿਖੇ ਪੁਲਸ ਅਤੇ ਥਾਰ ਸਵਾਰ ਕਥਿਤ ਨਸ਼ਾ ਤਸਕਰ ਦਰਮਿਆਨ ਮੁਕਾਬਲਾ ਹੋ ਗਿਆ। ਥਾਣਾ ਚਾਟੀਵਿੰਡ ਅਧੀਨ ਕਸਬਾ ਮਾਨਾਂਵਾਲਾ ਦੀ ਡਰੇਨ ਨੇੜੇ ਬੁੱਧਵਾਰ ਰਾਤ ਕਰੀਬ 9 ਵਜੇ ਥਾਰ ਉੱਪਰ ਗੋਲੀਆਂ ਚੱਲਣ ਦੀ ਖਬਰ ਮਿਲਣ ਤੋਂ ਬਾਅਦ ਥਾਣਾ ਚਾਟੀਵਿੰਡ ਦੇ ਐੱਸ ਐੱਚ ਓ ਅਜੈਪਾਲ ਸਿੰਘ ਮੌਕੇ 'ਤੇ ਪਹੁੰਚੇ ਤਾਂ ਜੀ ਟੀ ਰੋਡ ਉਪਰ ਜੀਪ ਖੜ੍ਹੀ ਮਿਲੀ, ਜਿਸ ਦਾ ਅਗਲਾ ਟਾਇਰ ਗੋਲੀਆਂ ਵੱਜਣ ਕਾਰਨ ਪਾਟ ਚੁੱਕਾ ਸੀ ਅਤੇ ਕਈ ਥਾਵਾਂ 'ਤੇ ਹੋਰ ਵੀ ਗੋਲੀਆਂ ਵੱਜੀਆਂ ਦਿਖਾਈ ਦਿੱਤੀਆਂ। ਐੱਸ ਐੱਚ ਓ ਨੇ ਦੱਸਿਆ ਕਿ ਥਾਰ ਤਰਨ ਤਾਰਨ ਵਾਲੇ ਪਾਸਿਓਂ ਆ ਰਹੀ ਸੀ, ਜਿਸ ਦਾ ਪਿੱਛਾ ਅੰਮ੍ਰਿਤਸਰ ਦਿਹਾਤੀ ਪੁਲਸ ਕਰ ਰਹੀ ਸੀ ਅਤੇ ਮਾਨਾਂਵਾਲਾ ਵਿਖੇ ਮੁਕਾਬਲੇ ਤੋਂ ਬਾਅਦ ਪੁਲਸ ਨੇ ਥਾਰ ਸਵਾਰ ਨੂੰ ਕਾਬੂ ਕਰ ਲਿਆ। ਇੰਚਾਰਜ ਸਪੈਸ਼ਲ ਸੈੱਲ ਨੂੰ ਸੂਹ ਮਿਲੀ ਸੀ ਕਿ ਤਸਕਰ ਗੁਰਲਾਲ ਸਿੰਘ ਵਾਸੀ ਧਨੋਏ ਖੁਰਦ ਆਪਣੀ ਨਵੀਂ ਥਾਰ 'ਚ ਨਾਜਾਇਜ਼ ਹਥਿਆਰ ਅਤੇ ਨਸ਼ੀਲੇ ਪਦਾਰਥ ਲੈ ਕੇ ਤਰਨ ਤਾਰਨ ਵਾਲੇ ਪਾਸੇ ਤੋਂ ਅੰਮ੍ਰਿਤਸਰ ਵੱਲ ਆ ਰਿਹਾ ਹੈ। ਇੰਚਾਰਜ ਨੇ ਟੀ ਪੁਆਇੰਟ ਸੁੱਖੇਵਾਲ ਵਿਖੇ ਨਾਕਾ ਲਾਇਆ ਹੋਇਆ ਸੀ, ਜਦੋਂ ਮੁਲਜ਼ਮ ਨਾਕੇ 'ਤੇ ਪੁੱਜਿਆ ਤਾਂ ਪੁਲਸ ਨੇ ਉਸ ਦੀ ਥਾਰ ਰੋਕਣੀ ਚਾਹੀ, ਪਰ ਉਸ ਨੇ ਪੁਲਸ ਪਾਰਟੀ 'ਤੇ ਫਾਇਰਿੰਗ ਕਰ ਦਿੱਤੀ ਅਤੇ ਨਾਕਾ ਤੋੜ ਕੇ ਭੱਜ ਗਿਆ। ਟੀਮ ਨੇ ਉਸ ਦਾ ਪਿੱਛਾ ਕਰਕੇ ਮਾਨਾਂਵਾਲਾ ਨੇੜੇ ਮੁਕਾਬਲੇ ਤੋਂ ਬਾਅਦ ਉਸ ਨੂੰ ਕਾਬੂ ਕਰ ਲਿਆ। ਉਸ ਕੋਲੋਂ ਚੀਨੀ ਪਿਸਤੌਲ 30 ਬੋਰ ਅਤੇ 5 ਕਾਰਤੂਸ ਅਤੇ ਕਿੱਲੋ ਹੈਰੋਇਨ ਬਰਾਮਦ ਹੋਈ।

# 4 ਭਗੌੜੇ ਗੈਂਗਸਟਰ ਹਥਿਆਰਾਂ ਸਮੇਤ ਗ੍ਰਿਫਤਾਰ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**



ਆਦਮਪੁਰ ਪੁਲਸ ਨੇ 4 ਖਤਰਨਾਕ ਭਗੌੜੇ ਗੈਂਗਸਟਰਾਂ ਨੂੰ ਗ੍ਰਿਫਤਾਰ ਕੀਤਾ ਹੈ। ਐੱਸ ਆਈ ਮਨਪ੍ਰੀਤ ਸਿੰਘ ਥਾਣਾ ਆਦਮਪੁਰ ਅਤੇ ਇੰਸਪੈਕਟਰ ਪੁਸ਼ਪ ਬਾਲੀ ਕ੍ਰਾਈਮ ਬ੍ਰਾਂਚ ਜਲੰਧਰ ਦੇਹਾਤੀ ਵੱਲੋਂ ਪੁਲਸ ਅਫਸਰ ਮੁਖਵਿੰਦਰ ਸਿੰਘ ਭੁੱਲਰ, ਦੇਹਾਤੀ ਪੁਲਸ ਅਫਸਰ ਮਨਪ੍ਰੀਤ ਸਿੰਘ ਭੁੱਲਰ ਸਬ-ਡਵੀਜ਼ਨ ਦੀ ਅਗਵਾਈ ਹੇਠ ਚਲਾਈ ਗਈ ਮੁਹਿੰਮ ਤਹਿਤ 4 ਖਤਰਨਾਕ ਭਗੌੜੇ ਗੈਂਗਸਟਰਾਂ ਨੂੰ ਗ੍ਰਿਫਤਾਰ ਕੀਤਾ ਗਿਆ। ਪੁਲਸ ਨੇ ਮੁਲਜ਼ਮਾਂ ਦੇ ਕਬਜ਼ੇ 'ਚੋਂ 3 ਪਿਸਤੌਲ .32 ਬੋਰ ਤੇ 13 ਜ਼ਿੰਦਾ ਰੌਂਦ ਬਰਾਮਦ ਕੀਤੇ ਹਨ।

ਮੁਲਜ਼ਮਾਂ ਦੀ ਪਛਾਣ ਕੁਲਵੰਤ ਸਿੰਘ ਵਾਸੀ ਪਾਂਸ਼ਟਾ, ਅਮਨਪ੍ਰੀਤ ਸਿੰਘ ਵਾਸੀ ਰੇਹਾਣਾ ਜੱਟਾਂ, ਸੌਰਵ ਉਰਫ ਗੌਰੀ ਵਾਸੀ ਰੇਹਾਣਾ ਜੱਟਾਂ ਅਤੇ ਇਕ ਹੋਰ ਮੁਲਜ਼ਮ ਵਜੋਂ ਹੋਈ। ਥਾਣਾ ਮੁਖੀ ਮੁਖਵਿੰਦਰ ਸਿੰਘ ਭੁੱਲਰ ਨੇ ਦੱਸਿਆ ਕਿ ਬੀਤੀ 30 ਜੁਲਾਈ ਨੂੰ ਮਹਾਂਵੀਰ ਸਿੰਘ ਉਰਫ ਕੋਕਾ ਵਾਸੀ ਡਮੁੰਡਾ ਨੇ ਪੁਲਸ ਨੂੰ ਇਤਲਾਹ ਦਿੱਤੀ ਸੀ ਕਿ ਕੁਲਵੰਤ ਸਿੰਘ ਵਾਸੀ ਪਾਂਸ਼ਟਾ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਉਸ ਨੂੰ ਮਾਰਨ ਦੀ ਨੀਅਤ ਨਾਲ ਗੋਲੀਆਂ ਚਲਾਈਆਂ ਸਨ। ਇਸ ਦੌਰਾਨ ਮੁਲਜ਼ਮਾਂ ਨੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਵੀ ਕੀਤਾ। ਪੁਲਸ ਅਧਿਕਾਰੀ ਮਨਪ੍ਰੀਤ ਸਿੰਘ ਢਿੱਲੋਂ ਨੇ ਦੱਸਿਆ ਕਿ ਗੁਪਤ ਸੂਚਨਾ ਮਿਲਣ 'ਤੇ ਦੇਹਾਤੀ ਕ੍ਰਾਈਮ ਬ੍ਰਾਂਚ ਦੇ ਐੱਸ ਆਈ ਮਨਜੀਤ ਸਿੰਘ ਅਤੇ ਇੰਸਪੈਕਟਰ ਪੁਸ਼ਪ ਬਾਲੀ ਪੁਲ ਨਹਿਰ ਵਾਲਾ ਕਾਲੜਾ ਵਿਖੇ ਮੌਜੂਦ ਸਨ, ਜਿੱਥੇ 3 ਨੌਜਵਾਨ ਸਿਲਵਰ ਰੰਗ ਦੀ ਬਾਈਕ 'ਤੇ ਆਉਂਦੇ ਦੇਖੇ ਗਏ। ਪੁਲਸ ਪਾਰਟੀ ਨੂੰ ਦੇਖ ਕੇ ਉਹ ਪਿੱਛੇ ਮੁੜਨ ਲੱਗੇ, ਤਾਂ ਬਾਈਕ ਤਿਲਕਣ ਕਾਰਨ ਤਿੰਨੇ ਡਿੱਗ ਗਏ। ਇਸ ਦੌਰਾਨ ਇਕ ਦੀ ਸੱਜੀ ਲੱਤ 'ਤੇ ਸੱਟ ਵੀ ਲੱਗ ਗਈ। ਉਕਤ ਵਿਅਕਤੀਆਂ ਦੀ ਤਲਾਸ਼ੀ ਲੈਣ 'ਤੇ ਉਨ੍ਹਾਂ ਦੇ ਕਬਜ਼ੇ 'ਚੋਂ .32 ਬੋਰ ਦੇ ਤਿੰਨ ਪਿਸਤੌਲ ਬਰਾਮਦ ਹੋਏ। ਉਹਨਾਂ ਪੁੱਛਗਿੱਛ ਦੌਰਾਨ ਮੰਨਿਆ ਕਿ ਉਨ੍ਹਾਂ ਬੀਤੀ 30 ਜੁਲਾਈ ਨੂੰ ਪਿੰਡ ਪਡਾਣਾ ਵਿਖੇ ਗੋਲੀਆਂ ਚਲਾਈਆਂ ਸਨ। ਇਸ ਦੌਰਾਨ ਛੁਰੇ ਨਾਲ ਹਮਲਾ ਵੀ ਕੀਤਾ। ਉਨ੍ਹਾਂ ਦੱਸਿਆ ਕਿ ਜਸਪ੍ਰੀਤ ਸਿੰਘ ਜੱਸਾ ਵਾਸੀ ਰੇਹਾਣਾ ਜੱਟਾਂ ਅਤੇ ਚਰਨਜੋਤ ਸਿੰਘ ਜੋਤ ਵਾਸੀ ਮਲਕਪੁਰ, ਥਾਣਾ ਰਾਵਲਪਿੰਡੀ, ਜ਼ਿਲ੍ਹਾ ਕਪੂਰਥਲਾ ਨੇ ਮਹਾਂਵੀਰ ਦੀ ਰੇਕੀ ਕੀਤੀ ਸੀ।

4-AUG-PAGE-3.qxd 8/3/2023 10:47 PM Page 1



# ਗੁਰਬਿੰਦਰ ਸਿੰਘ ਅਟਵਾਲ ਦੇ ਭੋਗ ਮੌਕੇ ਵੱਡੇ ਆਗੂ ਪੁੱਜੇ

**ਫਿਲੌਰ (ਕਨੇਡੀ)**-ਗੁਰਦੁਆਰਾ ਸ੍ਰੀ ਗੁਰੂ ਅਰਜਨ ਦੇਵ ਜੀ ਪਿੰਡ ਮਾਓ ਸਾਹਿਬ ਵਿਖੇ ਅੱਜ ਸਾਬਕਾ ਸੰਸਦੀ ਸਕੱਤਰ ਪੰਜਾਬ ਗੁਰਬਿੰਦਰ ਸਿੰਘ ਅਟਵਾਲ ਦੇ ਭੋਗ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ ਅਤੇ ਅੰਤਿਮ ਅਰਦਾਸ ਅਦਾ ਕੀਤੀ ਗਈ। ਇਸ ਮੌਕੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ, ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ, ਏ ਆਈ ਸੀ ਸੀ ਮੈਂਬਰ ਅਤੇ ਕਪੂਰਥਲਾ ਤੋਂ ਵਿਧਾਇਕ ਰਾਣਾ ਗੁਰਜੀਤ ਸਿੰਘ, ਕਾਂਗਰਸ ਦਿਹਾਤੀ ਦੇ ਜ਼ਿਲ੍ਹਾ ਪ੍ਰਧਾਨ ਅਤੇ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ, ਸਾਬਕਾ ਪ੍ਰਧਾਨ ਸ਼ਮਸ਼ੇਰ ਸਿੰਘ ਦਲ, ਸਾਬਕਾ ਪ੍ਰਧਾਨ ਮਹਿੰਦਰ ਸਿੰਘ ਕੇ.ਪੀ., ਸਾਬਕਾ ਐਮ ਪੀ ਜਗਮੀਤ ਸਿੰਘ ਬਰਾੜ, ਸਾਬਕਾ ਐਮ.ਪੀ. ਚਰਨਜੀਤ ਚੰਨੀ ਨਵਾਂਸ਼ਹਿਰ, ਹਲਕਾ ਭੁਲੱਥ ਤੋਂ ਵਿਧਾਇਕ ਸੁਖਪਾਲ ਸਿੰਘ ਖਹਿਰਾ, ਫਿਲੌਰ ਤੋਂ ਵਿਧਾਇਕ ਵਿਕਰਮਜੀਤ ਸਿੰਘ ਚੌਧਰੀ, ਸਾਬਕਾ ਸਪੀਕਰ ਭਾਰਤ ਸਰਕਾਰ ਚਰਨਜੀਤ ਸਿੰਘ ਅਟਵਾਲ, ਫਗਵਾੜੇ ਤੋਂ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ, ਬਾਘਾ ਪੁਰਾਣਾ ਤੋਂ ਕਮਲਜੀਤ ਸਿੰਘ ਬਰਾੜ, ਸਾਬਕਾ ਮੰਤਰੀ ਤੇਜਪ੍ਰਕਾਸ਼ ਸਿੰਘ ਕੋਟਲੀ, ਸਾਬਕਾ ਮੰਤਰੀ ਅਮਰਜੀਤ ਸਿੰਘ ਸਮਰਾ, ਸਾਬਕਾ ਮੰਤਰੀ ਜਗਮੋਹਨ ਸਿੰਘ ਕੰਗ, ਸਾਬਕਾ ਮੰਤਰੀ ਸਰਵਣ ਸਿੰਘ ਫਿਲੌਰ, ਸਾਬਕਾ ਮੰਤਰੀ ਸੁਰਿੰਦਰਪਾਲ ਸਿੰਘ ਥੰਮਣਵਾਲ, ਸਾਬਕਾ ਡੀ ਜੀ ਪੀ ਪੰਜਾਬ ਮਹਿਲ ਸਿੰਘ ਭੁੱਲਰ, ਓਲੰਪੀਅਨ ਸੁਰਿੰਦਰ ਸਿੰਘ ਸੋਢੀ, ਸਾਬਕਾ ਵਿਧਾਇਕ ਸਮਾਣਾ ਰਜਿੰਦਰ ਸਿੰਘ, ਗੜ੍ਹਸ਼ੰਕਰ ਤੋਂ ਸਾਬਕਾ ਵਿਧਾਇਕ ਸੁਰਿੰਦਰ ਸਿੰਘ ਭੁੱਲਰ, ਸੁਲਤਾਨਪੁਰ ਲੋਧੀ ਤੋਂ ਸਾਬਕਾ ਵਿਧਾਇਕ ਨਵਤੇਜ ਸਿੰਘ ਚੀਮਾ, ਬਲਾਚੌਰ ਤੋਂ ਸਾਬਕਾ ਵਿਧਾਇਕ ਦਰਸ਼ਨ ਲਾਲ ਮੰਗੂਪੁਰ, ਅਜੈ ਕੁਮਾਰ ਮੰਗੂਪੁਰ, ਮੁੱਲਾਂਪੁਰ ਦਾਖਾ ਤੋਂ ਸਾਬਕਾ ਮੰਤਰੀ ਮਲਕੀਤ ਸਿੰਘ ਦਾਖਾ, ਸਾਬਕਾ ਵਿਧਾਇਕ ਕਮਲਜੀਤ ਸਿੰਘ ਲਾਲੀ,



ਸਾਬਕਾ ਵਿਧਾਇਕ ਰਣਜੀਤ ਸਿੰਘ ਛੱਜਲਵੰਡੀ, ਸਾਬਕਾ ਮੰਤਰੀ ਜੋਗਿੰਦਰ ਸਿੰਘ ਮਾਨ, ਕੈਪਟਨ ਸੰਦੀਪ ਸੰਧੂ ਜਨਰਲ ਸਕੱਤਰ ਪੀ ਪੀ ਸੀ ਸੀ ਮੈਂਬਰ ਪੀ ਪੀ ਸੀ ਸੀ ਸੋਤਮ ਲਾਲ ਖਲੀਫਾ, ਪ੍ਰਿਥੀਪਾਲ ਸਿੰਘ ਖਹਿਰਾ, ਸੁਸ਼ੀਲ ਮਲਹੋਤਰਾ, ਸਾਬਕਾ ਮੰਤਰੀ ਪਵਨ ਟੀਨੂੰ, ਫਿਲੌਰ ਤੋਂ ਸਾਬਕਾ ਅਕਾਲੀ ਵਿਧਾਇਕ ਬਲਦੇਵ ਸਿੰਘ ਖਹਿਰਾ, ਹਲਕਾ ਬੰਗਾ ਦੇ ਸਾਬਕਾ ਵਿਧਾਇਕ ਤਰਲੋਚਨ ਸਿੰਘ ਸੂੰਢ, ਵਿਧਾਇਕ ਅਮਰਗੜ੍ਹ ਸੁਰਜੀਤ ਸਿੰਘ ਧੀਮਾਨ, ਕ੍ਰਿਸ਼ਨ ਕੁਮਾਰ ਬਾਵਾ, ਸੁਦੇਸ਼ ਗੁਪਤਾ ਐਡਵੋਕੇਟ ਪ੍ਰਸ਼ੋਤਮ ਗਿੱਲ, ਰਵਿੰਦਰ ਚੌਧਰੀ, ਕਾਰਸੇਵਾ ਮਾਓ ਸਾਹਿਬ ਵਾਲੇ ਬਾਬਾ ਨਿਰਮਲ ਸਿੰਘ ਤੋਂ ਇਲਾਵਾ ਇਲਾਕੇ ਦੇ ਸੈਂਕੜੇ ਪੰਚ, ਸਰਪੰਚ, ਨੰਬਰਦਾਰ, ਕੌਂਸਲਰ ਆਦਿ ਨੇ ਸ਼ਰਧਾਂਜਲੀਆਂ ਭੇਟ ਕੀਤੀਆਂ। ਗੁਰਬਿੰਦਰ ਸਿੰਘ ਅਟਵਾਲ ਦੀ ਪਤਨੀ ਬੀਬੀ ਜਸਕਮਲ ਕੌਰ ਅਟਵਾਲ, ਭਰਾ ਪਰਮਜੀਤ ਸਿੰਘ ਪੰਮਾ, ਵੱਡੇ ਸਪੁੱਤਰ ਹਰਦੀਪ ਸਿੰਘ ਅਟਵਾਲ ਅਤੇ ਛੋਟੇ ਸਪੁੱਤਰ ਰਾਜਪਾਲ ਸਿੰਘ ਅਟਵਾਲ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

## ਯਾਦਗਾਰੀ ਹੋ ਨਿੱਬੜਿਆ ਖਾਲਸਾ ਕਾਲਜ ਗੁਰਦਾਸ ਨੰਗਲ ਵਿਖੇ ਸੱਭਿਆਚਾਰਕ ਪ੍ਰੋਗਰਾਮ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਵਿੱਦਿਆ ਸਕੱਤਰ ਸੁਖਮਿੰਦਰ ਸਿੰਘ ਦੀ ਸਰਪ੍ਰਸਤੀ ਹੇਠ ਚੱਲ ਰਹੇ ਬਾਬਾ ਅਜੈ ਸਿੰਘ ਖਾਲਸਾ ਕਾਲਜ ਗੁਰਦਾਸ ਨੰਗਲ ਵਿਖੇ ਵਿਦਿਆਰਥੀ ਵਰਗ ਨੂੰ ਆਪਣੇ ਅਮੀਰ ਪੰਜਾਬੀ ਵਿਰਸੇ ਅਤੇ ਪੰਜਾਬੀ ਸੱਭਿਆਚਾਰ ਨਾਲ ਜੋੜੀ ਰੱਖਣ ਲਈ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ ਗਿਆ। ਇਸ ਮੌਕੇ ਬੀਬੀ ਜਸਬੀਰ ਕੌਰ ਜਫ਼ਰਵਾਲ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੁੱਖ ਮਹਿਮਾਨ ਸ਼ਾਮਲ ਹੋਏ। ਕਾਲਜ ਪ੍ਰਿੰਸੀਪਲ ਗੁਰਜੀਤ ਸਿੰਘ ਦੇ ਪ੍ਰਬੰਧਾਂ ਹੇਠ ਪ੍ਰੋਗਰਾਮ ਦੌਰਾਨ ਲੋਕ-ਗੀਤ, ਲੋਕ ਨਾਚ, ਗਿੱਧਾ, ਮਹਿੰਦੀ ਮੁਕਾਬਲਾ, ਮੀਡੀਆਂ ਗੁੰਦਣਾ ਅਤੇ ਸੇਵੀਆਂ ਵੱਟਣਾ ਆਦਿ ਮੁਕਾਬਲੇ ਕਰਵਾਏ ਗਏ। ਕਾਲਜ ਵਿਦਿਆਰਥਣਾਂ ਨਵਰੋਜਪਰੀਤ ਕੌਰ, ਅਮਨਦੀਪ ਕੌਰ, ਜਸ਼ਨਪ੍ਰੀਤ ਕੌਰ ਅਤੇ ਮਹਿਕਦੀਪ ਕੌਰ ਨੇ ਮੰਚ ਸੰਚਾਲਨ ਦੀ ਭੂਮਿਕਾ ਨਿਭਾਈ। ਰਾਜਨਪ੍ਰੀਤ ਕੌਰ ਨੇ ਆਪਣੇ ਭਾਸ਼ਣ ਰਾਹੀਂ ਪੰਜਾਬੀ ਸੱਭਿਆਚਾਰ ਦੇ ਵੱਖ-ਵੱਖ ਪਹਿਲੂਆਂ ਤੋਂ ਜਾਣੂ ਕਰਵਾਇਆ। ਲੋਕ ਗੀਤ ਮੁਕਾਬਲੇ ਵਿੱਚੋਂ ਗੁਰਪਿੰਦਰ ਕੌਰ ਤੇ ਬਲਜਿੰਦਰ ਕੌਰ ਨੇ ਪਹਿਲਾ ਸਥਾਨ, ਮੁਸਕਾਨ ਅਤੇ ਮਨਪ੍ਰੀਤ ਕੌਰ ਨੇ ਦੂਸਰਾ ਸਥਾਨ ਅਤੇ ਗੁਰਪ੍ਰੀਤ ਕੌਰ ਨੇ ਤੀਸਰਾ ਸਥਾਨ ਹਾਸਿਲ ਕੀਤਾ। ਕਵਿਤਾ ਉਚਾਰਨ ਮੁਕਾਬਲੇ ਵਿੱਚੋਂ ਮੁਸਕਾਨ, ਮਨਪ੍ਰੀਤ ਕੌਰ ਅਤੇ ਕੁਲਵਿੰਦਰ ਕੌਰ ਨੇ ਕ੍ਰਮਵਾਰ ਪਹਿਲਾ, ਦੂਸਰਾ ਤੇ ਤੀਸਰਾ ਸਥਾਨ ਹਾਸਿਲ ਕੀਤਾ। ਮੁੱਖ ਮਹਿਮਾਨ ਬੀਬੀ ਜਸਬੀਰ ਕੌਰ ਨੇ ਮੁਕਾਬਲਿਆਂ ਦੌਰਾਨ ਵਿਦਿਆਰਥੀਆਂ ਵੱਲੋਂ ਕੀਤੇ ਕਲਾ ਪ੍ਰਦਰਸ਼ਨਾਂ ਦੀ ਸ਼ਲਾਘਾ ਕੀਤੀ। ਪ੍ਰਿੰਸੀਪਲ ਡਾ. ਗੁਰਜੀਤ ਸਿੰਘ ਨੇ ਕਿਹਾ ਕਿ ਅਜੋਕੇ ਵਿਦਿਆਰਥੀ ਵਰਗ ਨੂੰ ਆਪਣੇ ਵਿਰਾਸਤੀ ਪੰਜਾਬੀ ਵਿਰਸੇ ਅਤੇ ਪੰਜਾਬੀ ਸੱਭਿਆਚਾਰ ਨਾਲ ਜੋੜਨ ਲਈ ਪੜ੍ਹਾਈ ਦੇ ਨਾਲ ਅਜਿਹੇ ਸੱਭਿਆਚਾਰਕ ਪ੍ਰੋਗਰਾਮ ਕਰਵਾਉਣਾ ਸਮੇਂ ਦੀ ਲੋੜ ਹੈ। ਪ੍ਰਿੰਸੀਪਲ ਡਾ. ਗੁਰਜੀਤ ਸਿੰਘ ਅਤੇ ਮੁੱਖ ਮਹਿਮਾਨ ਬੀਬੀ ਜਸਬੀਰ ਕੌਰ ਜਫ਼ਰਵਾਲ ਵਲੋਂ ਜੇਤੂ ਵਿਦਿਆਰਥੀਆਂ ਸਨਮਾਨਿਤ ਕੀਤਾ ਗਿਆ। ਇਨ੍ਹਾਂ ਤੋਂ ਇਲਾਵਾ ਵਿਦਿਆਰਥਣਾਂ ਗੁਰਪਿੰਦਰ ਕੌਰ, ਨਵਰੋਜਪਰੀਤ ਕੌਰ, ਪਲਕ, ਦਮਨਪ੍ਰੀਤ ਕੌਰ, ਅਮਨਦੀਪ ਕੌਰ, ਜਸ਼ਨਪਰੀਤ ਕੌਰ ਅਤੇ ਮੁਸਕਾਨ ਨੂੰ ਉਨ੍ਹਾਂ ਦੀ ਸਰਬਪੱਖੀ ਸਖਸ਼ੀਅਤ ਅਤੇ ਸੱਭਿਆਚਾਰਕ ਪ੍ਰੋਗਰਾਮ ਵਿੱਚ ਵਿਸ਼ੇਸ਼ ਯੋਗਦਾਨ ਦੇਣ ਲਈ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਕਾਲਜ ਦੇ ਸਮੂਹ ਪ੍ਰੋਫੈਸ਼ਰ ਸਾਹਿਬਾਨ ਹਾਜ਼ਰ ਸਨ।

## ਡਾ. ਕੁਲਵਿੰਦਰ ਸਿੰਘ ਰਿਆੜ ਗੁਰਦਵਾਰਾ ਦਮਦਮਾ ਸਾਹਿਬ ਵਿਖੇ ਸਨਮਾਨਤ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਨਜ਼ਦੀਕੀ ਕਸਬਾ ਸ੍ਰੀ ਹਰਗੋਬਿੰਦਪੁਰ ਵਿਖੇ ਮੀਰੀ-ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਸ੍ਰੀ ਕੰਧ ਸਾਹਿਬ ਵਿਖੇ ਨਤਮਸਤਕ ਹੋਣ ਤੇ ਡਾ. ਕੁਲਵਿੰਦਰ ਸਿੰਘ ਰਿਆੜ ਪ੍ਰਧਾਨ ਡਾਕਟਰ ਵਿੰਗ ਆਮ ਆਦਮੀ ਪਾਰਟੀ ਜ਼ਿਲਾ ਗੁਰਦਾਸਪੁਰ ਨੂੰ ਮਾਨਯੋਗ ਹੈੱਡ ਗ੍ਰੰਥੀ ਨੇ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਨਾਲ ਸਨਮਾਨਿਤ ਕੀਤਾ।

ਇਸ ਮੌਕੇ ਡਾ. ਰਿਆੜ ਨੇ ਕਿਹਾ ਕਿ ਗੁਰਦੁਆਰਾ ਸ੍ਰੀ ਦਮਦਮਾ ਸਾਹਿਬ ਨਤਮਸਤਕ ਹੋਣ 'ਤੇ ਮਾਨਸਿਕ ਤੌਰ 'ਤੇ ਸਕੂਨ ਅਤੇ ਆਤਮਿਕ 'ਤੇ ਸ਼ਕਤੀ ਪ੍ਰਾਪਤ ਹੋਈ ਹੈ ਤੇ ਗੁਰੂ ਸਾਹਿਬ ਦੀ ਬਖਸ਼ਿਸ਼ ਸਦਕਾ ਹੀ ਸਮਾਜ ਦੀ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਉਨ੍ਹਾਂ ਨਤਮਸਤਕ ਹੋ ਕੇ ਸਮਾਜ ਅੰਦਰ ਅਮਨ ਸ਼ਾਂਤੀ ਅਤੇ ਭਾਈਚਾਰਕ ਸਾਂਝ ਦੀ ਮਜ਼ਬੂਤੀ ਲਈ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ।

ਇਸ ਮੌਕੇ ਉਨ੍ਹਾਂ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵੱਲੋਂ ਮਿਹਨਤ ਅਤੇ ਇਮਾਨਦਾਰੀ ਨਾਲ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਹੋਰ ਬਲ ਬਖਸ਼ਣ ਦੀ ਵੀ ਵਾਹਿਗੁਰੂ ਨੂੰ ਅਰਦਾਸ ਕੀਤੀ।

## ਬਾਲ ਸ਼ੋਸ਼ਣ, ਸਾਈਬਰ ਕਰਾਈਮ ਤੇ ਨਸ਼ਿਆਂ ਵਿਰੁੱਧ ਜਾਗਰੂਕਤਾ ਸੈਮੀਨਾਰ



**ਬਟਾਲਾ, (ਡਾ. ਮਲਵਿੰਦਰ ਸਿੰਘ)**-ਐੱਸਐੱਸਪੀ ਬਟਾਲਾ ਮੈਡਮ ਅਸ਼ਵਨੀ ਗੋਤਿਆਲ ਦੇ ਦਿਸ਼ਾ-ਨਿਰਦੇਸ਼ਾਂ ਹੇਠ ਬਟਾਲਾ ਪੁਲਸ ਸਾਂਝ ਸਟਾਫ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਧਰਮਕੋਟ ਰੰਧਾਵਾ ਵਿਖੇ ਜਾਗਰੂਕਤਾ ਸੈਮੀਨਾਰ ਲਗਾਇਆ ਗਿਆ। ਸੈਮੀਨਾਰ ਦੌਰਾਨ ਵਿਦਿਆਰਥੀਆਂ ਨੂੰ ਬਾਲ ਸ਼ੋਸ਼ਣ, ਸਾਈਬਰ ਕਰਾਈਮ, ਸਮਾਜਿਕ ਬੁਰਾਈ ਨਸ਼ਿਆਂ ਵਿਰੁੱਧ ਅਤੇ ਸਾਂਝ ਸੇਵਾਵਾਂ ਬਾਰੇ ਜਾਗਰੂਕ ਕੀਤਾ ਗਿਆ।

ਬਟਾਲਾ ਪੁਲਸ ਸਾਂਝ ਸਟਾਫ ਦੇ ਅਧਿਕਾਰੀਆਂ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਸੰਸਾਰ ਸਿਹਤ ਸੰਸਥਾ ਦੀ ਪਰਿਭਾਸ਼ਾ ਅਨੁਸਾਰ ਸਿਹਤ ਸਰੀਰਕ, ਮਾਨਸਿਕ ਅਤੇ ਸਮਾਜਿਕ ਤੌਰ ਉੱਤੇ ਪੂਰਨ ਰੂਪ ਵਿੱਚ ਤੰਦਰੁਸਤ ਹੋਣਾ ਹੈ ਨਾ ਕਿ ਸਿਰਫ ਬਿਮਾਰੀ ਜਾਂ ਸਰੀਰਕ ਨੁਕਸ ਦੀ ਅਣਹੋਂਦ। ਇੱਕ ਸਿਹਤਮੰਦ ਵਿਅਕਤੀ ਸਮਾਜ ਦੀ ਲਾਭਦਾਇਕ ਸੰਪਤੀ ਹੁੰਦਾ ਹੈ। ਉਹ ਦੇਸ਼ ਦੀ ਬਿਹਤਰ ਸੇਵਾ ਕਰ ਸਕਦਾ ਹੈ ਅਤੇ ਦੇਸ਼ ਦੀ ਤਰੱਕੀ ਵਿੱਚ ਹਿੱਸਾ ਪਾ ਸਕਦਾ ਹੈ।

ਉਨ੍ਹਾਂ ਕਿਹਾ ਕਿ ਇੱਕ ਨਿਰੋਗ ਮਨ ਨਿਰੋਗ ਸਰੀਰ ਵਿੱਚ ਹੀ ਨਿਵਾਸ ਕਰਦਾ ਹੈ। ਮਾੜੀ ਸਰੀਰਕ ਸਿਹਤ, ਨਿਸ਼ਾਨਿਆਂ ਨੂੰ ਹਾਸਲ ਕਰਨ ਲਈ ਲੋੜੀਂਦੇ ਸਵੈ-ਵਿਸ਼ਵਾਸ ਅਤੇ ਯੋਗਤਾ ਉੱਤੇ ਬੁਰਾ ਅਸਰ ਪਾਉਂਦੀ ਹੈ, ਜਿਸ ਦੇ ਸਿੱਟੇ ਵਜੋਂ ਨਾਖੁਸ਼ੀ ਅਤੇ ਉਦਾਸੀ ਛਾ ਜਾਂਦੀ ਹੈ। ਨਸ਼ੀਲੇ ਪਦਾਰਥ ਮਾਨਸਿਕ ਬਿਮਾਰੀਆਂ ਵੱਲ ਲੈ ਜਾਂਦੇ ਹਨ। ਆਖਰ ਵਿੱਚ ਉਨ੍ਹਾਂ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦੀ ਅਪੀਲ ਕੀਤੀ।

ਉਨ੍ਹਾਂ ਅੱਗੇ ਦੱਸਿਆ ਕਿ ਐੱਸਐੱਸਪੀ ਬਟਾਲਾ ਦੇ ਦਿਸ਼ਾ-ਨਿਰਦੇਸ਼ਾਂ ਹੇਠ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਪ੍ਰੇਰਿਤ ਕਰਨ ਅਤੇ ਵੱਧ ਤੋਂ ਵੱਧ ਜਾਗਰੂਕਤਾ ਸੈਮੀਨਾਰ ਲਗਾਏ ਜਾ ਰਹੇ ਹਨ ਤਾਂ ਜੋ ਬੱਚਿਆਂ ਦੇ ਨਾਲ-ਨਾਲ ਨੌਜਵਾਨ ਵਰਗ ਇਸ ਤੋਂ ਦੂਰ ਰਹੇ। ਉਨ੍ਹਾਂ ਹੈਲਪਲਾਈਨ ਨੰਬਰ 112 ਬਾਰੇ ਵੀ ਜਾਗਰੂਕ ਕੀਤਾ ਤੇ ਕਿਹਾ ਕਿ ਸਹਾਇਤਾ ਲੈਣ ਲਈ ਇਸੇ ਨੰਬਰ 'ਤੇ ਸ਼ਿਕਾਇਤ ਦਰਜ ਕਰਵਾਈ ਜਾ ਸਕਦੀ ਹੈ।

## ਸੂਬਾ ਵਾਸੀਆਂ ਤੱਕ ਭਲਾਈ ਯੋਜਨਾਵਾਂ ਦਾ ਸਿੱਧੇ ਤੌਰ 'ਤੇ ਪਹੁੰਚਾਇਆ ਜਾ ਰਿਹੈ ਲਾਭ : ਜਿੰਪਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਆਪਣੇ ਦਫ਼ਤਰ ਵਿਖੇ ਲੋਕਾਂ ਦੀਆਂ ਸਮੱਸਿਆਵਾਂ ਸੁਣਦੇ ਹੋਏ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਮੌਕੇ 'ਤੇ ਇਨ੍ਹਾਂ ਸਮੱਸਿਆਵਾਂ ਦਾ ਜਲਦ ਹੱਲ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲੋਕਾਂ ਦੀ ਭਲਾਈ ਲਈ ਕੋਈ ਕਸਰ ਨਹੀਂ ਛੱਡ ਰਹੀ ਹੈ ਅਤੇ ਉਨ੍ਹਾਂ ਤੱਕ ਵੱਧ ਤੋਂ ਵੱਧ ਸਰਕਾਰੀ ਸੁਵਿਧਾਵਾਂ ਦਾ ਲਾਭ ਪਹੁੰਚਾਇਆ ਜਾ ਰਿਹਾ ਹੈ। ਕੈਬਨਿਟ ਮੰਤਰੀ ਨੇ ਆਪਣੇ ਦਫ਼ਤਰ ਵਿਚ ਲਗਾਏ ਜਨਤਾ ਦਰਬਾਰ ਵਿਚ ਕਰੀਬ 235 ਲੋਕਾਂ ਦੀਆਂ ਵੱਖ-ਵੱਖ ਵਿਭਾਗਾਂ ਨਾਲ ਸਬੰਧਤ ਸ਼ਿਕਾਇਤਾਂ ਨੂੰ ਗੌਰ ਨਾਲ ਸੁਣਦੇ ਹੋਏ ਅਧਿਕਾਰੀਆਂ ਨੂੰ ਇਨ੍ਹਾਂ ਸ਼ਿਕਾਇਤਾਂ ਦਾ ਨਿਯਮਾਂ ਅਨੁਸਾਰ ਜਲਦ ਹੱਲ ਕਰਨ ਦੇ ਨਿਰਦੇਸ਼ ਦਿੱਤੇ। ਇਸ ਮੌਕੇ ਪੁਲਿਸ, ਮਾਲ, ਸਿਹਤ, ਸਿੱਖਿਆ, ਜਲ ਸਪਲਾਈ ਤੇ ਸੈਨੀਟੇਸ਼ਨ, ਸਮਾਜਿਕ ਸੁਰੱਖਿਆ, ਖੁਰਾਕ ਤੇ ਸਿਵਲ ਸਪਲਾਈਜ਼, ਡਰੇਨੇਜ, ਮਾਈਨਿੰਗ, ਸਮਾਜਿਕ ਨਿਆ ਅਤੇ ਅਧਿਕਾਰਤਾ, ਖੇਤੀ, ਟਰਾਂਸਪੋਰਟ, ਸਹਿਕਾਰੀ, ਨਗਰ ਨਿਗਮ, ਡੇਅਰੀ ਵਿਕਾਸ, ਬਿਜਲੀ ਵਿਭਾਗ ਆਦਿ ਨਾਲ ਸਬੰਧਤ ਸ਼ਿਕਾਇਤਾਂ ਦਾ ਮੌਕੇ 'ਤੇ ਹੀ ਹੱਲ ਕੀਤਾ ਗਿਆ। ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਉਹ ਆਪਣੇ ਦਫ਼ਤਰ ਵਿਚ ਜਿਥੇ ਲੋਕਾਂ ਦੀਆਂ ਸਮੱਸਿਆਵਾਂ ਸੁਣ ਰਹੇ ਹਨ, ਉਥੇ ਮੁੱਖ ਮੰਤਰੀ ਭਗਵੰਤ ਮਾਨ ਦੇ ਨਿਰਦੇਸ਼ਾਂ 'ਤੇ ਹੀ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਵੀ 'ਸਰਕਾਰ ਤੁਹਾਡੇ ਦੁਆਰ' ਅਭਿਆਨ ਤਹਿਤ ਪਿੰਡਾਂ ਵਿਚ ਪਹੁੰਚ ਕੇ ਲੋਕਾਂ ਦੀਆਂ ਸਮੱਸਿਆਵਾਂ ਦਾ ਨਿਪਟਾਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕੇਵਲ ਸਵਾ ਸਾਲ ਵਿਚ ਹੀ ਮੁੱਖ ਮੰਤਰੀ ਭਗਵੰਤ ਮਾਨ ਨੇ ਸੂਬਾ ਵਾਸੀਆਂ ਦੀ ਭਲਾਈ ਲਈ ਜੋ ਕੀਤਾ ਹੈ, ਉਹ ਦੂਜੀਆਂ ਸਰਕਾਰਾਂ ਸੋਚ ਵੀ ਨਹੀਂ ਸਕਦੀਆਂ। ਉਨ੍ਹਾਂ ਕਿਹਾ ਕਿ ਹਰ ਵਰਗ ਦੀ ਜ਼ਰੂਰਤ ਨੂੰ ਧਿਆਨ ਵਿਚ ਰੱਖਦੇ ਹੋਏ ਪੰਜਾਬ ਸਰਕਾਰ ਵੱਖ-ਵੱਖ ਯੋਜਨਾਵਾਂ 'ਤੇ ਕੰਮ ਕਰਕੇ ਲੋਕਾਂ ਤੱਕ ਸਿੱਧਾ ਲਾਭ ਪਹੁੰਚਾ ਰਹੀ ਹੈ।

## ਅੰਗਦਾਨ ਕਰਨ ਲਈ ਵਿਦਿਆਰਥੀਆਂ ਨੂੰ ਕੀਤਾ ਪ੍ਰੇਰਿਤ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਸਰਕਾਰੀ ਕਾਲਜ, ਹੁਸ਼ਿਆਰਪੁਰ ਵਿੱਚ ਕਾਲਜ ਦੇ ਪ੍ਰਿੰਸੀਪਲ ਸ਼੍ਰੀਮਤੀ ਜੋਗੇਸ਼ ਦੀ ਅਗਵਾਈ ਵਿੱਚ ਰੈੱਡ ਰਿਬਨ ਕਲੱਬ ਦੇ ਇੰਚਾਰਜ ਪ੍ਰੋ.ਵਿਜੇ ਕੁਮਾਰ ਅਤੇ ਅਸਿਸਟੈਂਟ ਪ੍ਰੋਫੈਸਰ ਸੂਰਜ ਕੁਮਾਰ ਦੇ ਸਹਿਯੋਗ ਨਾਲ ਵਿਦਿਆਰਥੀਆਂ ਨੂੰ ਅੰਗਦਾਨ ਕਰਨ ਲਈ ਪ੍ਰੇਰਿਤ ਕੀਤਾ ਗਿਆ ਅਤੇ ਨਵੇ ਸੈਸ਼ਨ ਦੀ ਸ਼ੁਰੂਆਤ ਵਿੱਚ ਵਿਦਿਆਰਥੀਆਂ ਅਤੇ ਸਟਾਫ ਮੈਂਬਰਾਂ ਦੀ ਜਾਣ-ਪਹਿਚਾਣ ਕਰਵਾਈ ਗਈ।

ਕਾਲਜ ਦੇ ਪ੍ਰਿੰਸੀਪਲ ਸ਼੍ਰੀਮਤੀ ਜੋਗੇਸ਼ ਨੇ ਨਵੇਂ ਵਿਦਿਆਰਥੀਆਂ ਨੂੰ ਕਾਲਜ ਵਿੱਚ ਅਨੁਸ਼ਾਸਨ ਬਣਾਏ ਰੱਖਣ ਲਈ ਪ੍ਰੇਰਿਤ ਕਰਦੇ ਹੋਏ ਕਿਹਾ ਕਿ ਸਾਨੂੰ ਕਾਲਜ ਨੂੰ ਆਪਣਾ ਦੂਜਾ ਘਰ ਸਮਝ ਕੇ ਆਪਣੇ ਫਰਜ਼ ਨਿਭਾਉਣੇ ਚਾਹੀਦੇ ਹਨ। ਪ੍ਰੋ.ਵਿਜੇ ਕੁਮਾਰ ਨੇ ਵਿਦਿਆਰਥੀਆਂ ਨੂੰ ਆਪਣੇ ਅੰਗਦਾਨ ਕਰਨ ਲਈ ਪ੍ਰੇਰਿਤ ਕੀਤਾ ਤਾਂਕਿ ਉਹਨਾਂ ਦੇ ਸੰਸਾਰ ਤੋਂ ਜਾਣ ਤੋਂ ਬਾਅਦ ਵੀ ਉਹਨਾਂ ਦੇ ਸਰੀਰ ਦੇ ਅੰਗ ਕਿਸੇ ਨੂੰ ਨਵੀਂ ਜ਼ਿੰਦਗੀ ਦੇ ਸੱਕਣ। ਉਹਨਾਂ ਕਾਲਜ ਦੇ ਸਟਾਫ ਅਤੇ ਵਿਦਿਆਰਥੀਆਂ ਨੂੰ ਅੰਗਦਾਨ ਪ੍ਰਤੀ ਆਪਣਾ ਫਰਜ਼ ਨਿਭਾਉਣ ਦੀ ਸਹੁੰ ਵੀ ਚੁਕਾਈ। ਅੰਗਦਾਨ ਕਰਨ ਪ੍ਰਤੀ ਕਰਵਾਏ ਗਏ ਭਾਸ਼ਣ ਮੁਕਾਬਲੇ ਵਿੱਚ ਮਹਿਕਦੀਪ ਕੌਰ ਨੇ ਪਹਿਲਾ ਸਥਾਨ, ਪ੍ਰਭਦੀਪ ਕੌਰ ਨੇ ਦੂਜਾ ਅਤੇ ਨਵਜੋਤ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਹਨਾਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਜਾਵੇਗਾ। ਹਰਜਿੰਦਰ ਪਾਲ ਨੇ ਪੀ.ਐਮ.ਐਸ ਸਕੀਮ ਤੋਂ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ, ਪ੍ਰੋ.ਵਿਜੇ ਕੁਮਾਰ ਨੇ ਐਨ.ਐਸ.ਐਸ. ਬਾਰੇ ਚਾਨਣਾ ਪਾਇਆ ਅਤੇ ਵਿਦਿਆਰਥੀਆਂ ਨੂੰ ਇਸ ਨੂੰ ਜੁਆਇੰਨ ਕਰਨ ਲਈ ਪ੍ਰੇਰਿਤ ਕੀਤਾ। ਪ੍ਰੋ.ਅਨੂ ਬਾਲਾ ਨੇ ਇਸ ਵਿੱਚ ਮੰਚ ਸੰਚਾਲਨ ਦੀ ਭੂਮਿਕਾ ਨਿਭਾਈ। ਪ੍ਰੋ.ਨਵਦੀਪ ਕੌਰ, ਡਾ.ਹਰਜਿੰਦਰ ਸਿੰਘ ਤੋਂ ਇਲਾਵਾ ਲੱਗਭਗ 250 ਦੇ ਕਰੀਬ ਵਿਦਿਆਰਥੀ ਇਸ ਸਮੇਂ ਹਾਜ਼ਰ ਸਨ।

## ਕੁਲੈਕਟਰ ਦਰਾਂ ਰਿਵਾਈਜ਼ ਕਰਨ ਦੀ ਪ੍ਰਕਿਰਿਆ 'ਚ ਤੇਜੀ ਲਿਆਉਣ ਦੇ ਨਿਰਦੇਸ਼

**ਜਲੰਧਰ, (ਸੁਰਿੰਦਰ ਕੁਮਾਰ)** ਸਮੂਹ ਉਪ ਮੰਡਲ ਮੈਜਿਸਟ੍ਰੇਟਾਂ ਅਤੇ ਤਹਿਸੀਲਦਾਰਾਂ ਨੂੰ ਕੁਲੈਕਟਰ ਦਰਾਂ ਰਿਵਾਈਜ਼ ਕਰਨ ਦੀ ਪ੍ਰਕਿਰਿਆ 'ਚ ਤੇਜੀ ਲਿਆਉਣ ਦੇ ਨਿਰਦੇਸ਼ ਦਿੱਤੇ ਅਤੇ ਇਸ ਸਬੰਧੀ ਸ਼ਨੀਵਾਰ ਤੱਕ ਤਜਵੀਜ਼ਾਂ ਪੇਸ਼ ਕਰਨ ਲਈ ਕਿਹਾ ਤਾਂ ਜੋ ਨਵੀਆਂ ਕੁਲੈਕਟਰ ਦਰਾਂ ਨੂੰ ਅੰਤਿਮ ਰੂਪ ਦੇਣ ਸਬੰਧੀ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਸਕੇ। ਇਸ ਸੰਬੰਧੀ ਸਮੂਹ ਐਸ ਡੀ ਐਮਜ਼ ਅਤੇ ਤਹਿਸੀਲਦਾਰਾਂ ਨਾਲ ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਮੀਨੀ ਪੱਧਰ 'ਤੇ ਫੀਲਡ ਸਟਾਫ ਨਾਲ ਸਲਾਹ-ਮਸ਼ਵਰਾ ਕਰ ਕੇ ਕੁਲੈਕਟਰ ਦਰਾਂ ਤੈਅ ਕੀਤੀਆਂ ਜਾਣ ਤਾਂ ਜੋ ਨਵੀਆਂ ਦਰਾਂ ਨੂੰ ਇਲਾਕੇ ਅਨੁਸਾਰ ਤਰਕਸੰਗਤ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਇਸ ਸੰਬੰਧੀ ਰਿਪੋਰਟਾਂ ਤਿਆਰ ਕਰਨ ਸਮੇਂ ਲੋਕ ਹਿੱਤ ਨੂੰ ਧਿਆਨ 'ਚ ਰੱਖਦੇ ਹੋਏ ਸਬੰਧਤ ਧਿਰਾਂ ਨਾਲ ਵਿਚਾਰ-ਵਟਾਂਦਰੇ ਸਮੇਤ ਸਾਰੇ ਲੋੜੀਂਦੇ ਕਦਮ ਚੁੱਕੇ ਜਾਣੇ ਚਾਹੀਦੇ ਹਨ। ਉਨ੍ਹਾਂ ਦੱਸਿਆ ਕਿ ਤਜਵੀਜ਼ਾਂ ਪ੍ਰਾਪਤ ਹੋਣ ਤੋਂ ਬਾਅਦ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨਵੇਂ ਕੁਲੈਕਟਰ ਰੇਟਾਂ ਸੰਬੰਧੀ ਰਿਪੋਰਟ ਤਿਆਰ ਕੀਤੀ ਜਾਵੇਗੀ ਅਤੇ ਜ਼ਿਲ੍ਹੇ 'ਚ ਨਵੇਂ ਕੁਲੈਕਟਰ ਰੇਟ ਤੈਅ ਕਰਨ ਲਈ ਸੂਬਾ ਸਰਕਾਰ ਨੂੰ ਭੇਜੀ ਜਾਵੇਗੀ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਮੇਜਰ ਅਮਿਤ ਮਹਾਜਨ, ਸਮੂਹ ਉਪ ਮੰਡਲ ਮੈਜਿਸਟ੍ਰੇਟਸ, ਤਹਿਸੀਲਦਾਰ ਆਦਿ ਮੌਜੂਦ ਸਨ।

## ਸ਼ੈਰੀ ਕਲਸੀ ਵੱਲੋਂ ਪਿੰਡਾਂ ਤੇ ਕਿਸਾਨੀ ਮੁੱਦਿਆਂ 'ਤੇ ਖੁੱਡੀਆਂ ਨਾਲ ਮੀਟਿੰਗ

**ਬਟਾਲਾ, ( ਡਾ. ਮਲਵਿੰਦਰ ਸਿੰਘ )**-ਵਿਧਾਨ ਸਭਾ ਹਲਕੇ ਦੇ ਪਿੰਡਾਂ ਅੰਦਰ ਖੇਤੀਬਾੜੀ ਨਾਲ ਸੰਬੰਧਤ ਮੁੱਦਿਆਂ ਅਤੇ ਕਿਸਾਨਾਂ ਦੀ ਆਰਥਕ ਸਥਿਤੀ ਹੋਰ ਮਜ਼ਬੂਤ ਕਰਨ ਦੇ ਮੰਤਵ ਨਾਲ ਵਿਧਾਇਕ ਸ਼ੈਰੀ ਕਲਸੀ ਵੱਲੋਂ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨਾਲ ਮੀਟਿੰਗ ਕੀਤੀ ਗਈ ਤੇ ਇਸ ਬਾਬਤ ਵਿਸਥਾਰ 'ਚ ਵਿਚਾਰ ਵਟਾਂਦਰਾ ਕੀਤਾ ਗਿਆ।

ਇਸ ਮੌਕੇ ਕੈਬਨਿਟ ਮੰਤਰੀ ਖੁੱਡੀਆਂ ਨੇ ਵਿਧਾਇਕ ਸ਼ੈਰੀ ਕਲਸੀ ਨੂੰ ਖੇਤੀਬਾੜੀ ਕਿੱਤੇ ਨੂੰ ਹੋਰ ਖੁਸ਼ਹਾਲ ਤੇ ਲਾਹੇਵੰਦ ਬਣਾਉਣ ਦਾ ਯਕੀਨ ਦਿਵਾਉਂਦਿਆਂ ਦੱਸਿਆ ਕਿ ਸੂਬੇ 'ਚ ਖੇਤੀਬਾੜੀ ਨੂੰ ਮੁੜ ਮੁਨਾਫ਼ੇ ਵਾਲਾ ਧੰਦਾ ਬਣਾਉਣ ਅਤੇ ਪੰਜਾਬ ਦੇ ਕਿਸਾਨਾਂ ਦੀ ਆਮਦਨ 'ਚ ਵਾਧਾ ਕਰਨ ਲਈ ਖਾਸ ਯਤਨ ਕੀਤੇ ਗਏ ਹਨ। ਉਨ੍ਹਾ ਕਿਹਾ ਕਿ ਪੰਜਾਬ ਦੇ ਕਿਸਾਨ ਬਹੁਤ ਹੀ ਮਿਹਨਤੀ ਹਨ ਅਤੇ ਉਨ੍ਹਾਂ ਦੀ ਅਣਥੱਕ ਮਿਹਨਤ ਸਦਕਾ ਹੀ ਪੰਜਾਬ ਨੂੰ ਦੇਸ਼ ਦੇ ਅੰਨਦਾਤਾ ਦਾ ਖਿਤਾਬ ਮਿਲਿਆ ਹੈ ਪਰ ਹੁਣ ਸੂਬੇ ਦੇ ਖੇਤੀਬਾੜੀ ਅਰਥਚਾਰੇ ਨੂੰ ਹੋਰ ਮਜ਼ਬੂਤ ਕਰਨ ਲਈ ਤਕਨਾਲੋਜੀ, ਖੋਜ ਅਤੇ ਉਦਯੋਗਾਂ ਦੇ ਸਹਿਯੋਗ ਦੀ ਲੋੜ ਹੈ। ਉਨ੍ਹਾ ਦੱਸਿਆ ਕਿ ਪੰਜਾਬ ਸਰਕਾਰ ਕਿਸਾਨਾਂ ਨੂੰ ਕਣਕ-ਝੋਨੇ ਦੇ ਰਵਾਇਤੀ ਫ਼ਸਲੀ ਚੱਕਰ ਵਿੱਚੋਂ ਕੱਢਣ ਲਈ ਖੇਤੀ ਵਿਭਿੰਨਤਾ ਲਿਆਉਣ ਲਈ ਯਤਨ ਕਰ ਰਹੀ ਹੈ। ਇਸ ਦੇ ਨਾਲ ਹੀ ਸੂਬਾ ਸਰਕਾਰ ਛੇਤੀ ਖਰਾਬ ਹੋਣ ਵਾਲੇ ਫਲਾਂ ਅਤੇ ਸਬਜ਼ੀਆਂ ਦੀ ਸੰਭਾਲ ਅਤੇ ਨਿਰਯਾਤ ਨੂੰ ਵਧਾਉਣ ਦੇ ਨਾਲ-ਨਾਲ ਇਨ੍ਹਾਂ ਦੇ ਮੰਡੀਕਰਨ ਨੂੰ ਯਕੀਨੀ ਬਣਾਉਣ ਲਈ ਵੀ ਠੋਸ ਉਪਰਾਲੇ ਕਰ ਰਹੀ ਹੈ।

## ਜੋਸ਼ੋ-ਖਰੋਸ਼ ਨਾਲ ਮਨਾਇਆ ਜਾਵੇਗਾ ਬਟਾਲਾ 'ਚ ਆਜ਼ਾਦੀ ਦਿਹਾੜਾ: ਅਭਿਸ਼ੇਕ ਵਰਮਾ

**ਬਟਾਲਾ, (ਡਾ. ਮਲਵਿੰਦਰ ਸਿੰਘ)**-ਸਰਕਾਰੀ ਪੋਲੀਟੈਕਨਿਕ ਕਾਲਜ ਬਟਾਲਾ ਦੇ ਰਾਜੀਵ ਗਾਂਧੀ ਖੇਡ ਸਟੇਡੀਅਮ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ 15 ਅਗਸਤ ਨੂੰ ਆਜ਼ਾਦੀ ਦਿਵਸ ਪੂਰੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਆਜ਼ਾਦੀ ਦਿਵਸ ਮਨਾਉਣ ਸਬੰਧੀ ਅਭਿਸ਼ੇਕ ਵਰਮਾ ਤਹਿਸੀਲਦਾਰ ਬਟਾਲਾ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਸਥਾਨਕ ਬਟਾਲਾ ਕਲੱਬ ਵਿਖੇ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕਿਹਾ ਕਿ ਆਜ਼ਾਦੀ ਦਿਵਸ ਸਾਡਾ ਕੌਮੀ ਤਿਉਹਾਰ ਹੈ ਅਤੇ ਇਸ ਨੂੰ ਪੂਰੇ ਚਾਵਾਂ ਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਇਸ ਮੌਕੇ ਜੇਐਸ ਸੰਧੂ ਐਸਪੀ (ਹੈੱਡਕੁਆਰਟਰ) ਬਟਾਲਾ ਵੀ ਮੌਜੂਦ ਸਨ।ਤਹਿਸੀਲਦਾਰ ਅਭਿਸ਼ੇਕ ਵਰਮਾ ਨੇ ਅੱਗੇ ਕਿਹਾ ਕਿ ਆਜ਼ਾਦੀ ਦਿਵਸ ਸਮਾਗਮ ਦੌਰਾਨ ਕੌਮੀ ਝੰਡਾ ਲਹਿਰਾਉਣ ਤੋਂ ਬਾਅਦ ਪੁਲਸ ਜਵਾਨਾਂ, ਪੰਜਾਬ ਹੋਮਗਾਰਡ ਅਤੇ ਐੱਨਐੱਨਸੀ ਕੈਡਿਟਾਂ ਵੱਲੋਂ ਸ਼ਾਨਦਾਰ ਮਾਰਚ ਪਾਸਟ ਕੀਤਾ ਜਾਵੇਗਾ। ਇਸੇ ਦੌਰਾਨ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਬੈਂਡ ਦੇ ਮਾਰਚ ਪਾਸਟ 'ਚ ਹਿੱਸਾ ਲਿਆ ਜਾਵੇਗਾ।



ਆਜ਼ਾਦੀ ਦਿਵਸ ਸਮਾਗਮ ਦੌਰਾਨ ਸਕੂਲੀ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ਅਤੇ ਪੰਜਾਬੀ ਸੱਭਿਆਚਾਰ ਨੂੰ ਦਰਸਾਉਂਦਾ ਪ੍ਰੋਗਰਾਮ ਵੀ ਪੇਸ਼ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਮਾਰਚ ਪਾਸਟ (ਬੈਂਡ/ਐੱਨਸੀਸੀ ਕੈਡਿਟ) ਵਿੱਚ ਭਾਗ ਲੈਣ ਵਾਲੀਆਂ ਸਾਰੀਆਂ ਟੀਮਾਂ ਦੀ ਰਿਹਰਸਲ 7 ਅਤੇ 10 ਅਗਸਤ ਨੂੰ ਪੁਲਸ ਲਾਈਨ ਬਟਾਲਾ ਵਿਖੇ ਸਵੇਰੇ 9 ਵਜੇ ਤੋਂ ਹੋਵੇਗੀ, ਜਦਕਿ ਫੁੱਲ ਡਰੈੱਸ ਰਿਹਰਸਲ 12 ਅਗਸਤ ਨੂੰ ਸਮਾਗਮ ਵਾਲੀ ਥਾਂ ਰਾਜੀਵ ਗਾਂਧੀ ਸਟੇਡੀਅਮ ਵਿਖੇ ਹੋਵੇਗੀ। ਸੱਭਿਆਚਾਰਕ ਪ੍ਰੋਗਰਾਮ ਦੀ ਰਿਹਰਸਲ 7 ਅਤੇ 10 ਅਗਸਤ ਨੂੰ ਆਰਆਰ ਬਾਵਾ ਡੀਏਵੀ ਕਾਲਜ ਫਾਰ ਵਿਮੈਨ, ਬਟਾਲਾ ਵਿਖੇ ਸਵੇਰੇ 9 ਵਜੇ ਤੋਂ ਹੋਵੇਗੀ ਅਤੇ ਫੁੱਲ ਡਰੈੱਸ ਰਿਹਰਸਲ 12 ਅਗਸਤ ਨੂੰ ਸਮਾਗਮ ਵਾਲੀ ਥਾਂ ਰਾਜੀਵ ਗਾਂਧੀ ਸਟੇਡੀਅਮ ਬਟਾਲਾ ਵਿਖੇ ਹੋਵੇਗੀ।

ਉਨ੍ਹਾਂ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਆਜ਼ਾਦੀ ਦਿਵਸ ਸਮਾਗਮ ਦੌਰਾਨ ਲੋਕਾਂ ਦੇ ਬੈਠਣ, ਪੀਣ ਲਈ ਸਾਫ ਪਾਣੀ ਅਤੇ ਦੇ ਵਾਹਨਾਂ ਲਈ ਪਾਰਕਿੰਗ ਦੇ ਵਿਸ਼ੇਸ਼ ਪ੍ਰਬੰਧ ਕੀਤੇ ਜਾਣ। ਇਸ ਮੌਕੇ ਉਨ੍ਹਾਂ ਨਗਰ ਕੌਂਸਲ ਬਟਾਲਾ ਨੂੰ ਹਦਾਇਤ ਕੀਤੀ ਕਿ ਸਮਾਗਮ ਵਾਲੇ ਸਥਾਨ ਅਤੇ ਸ਼ਹਿਰ ਵਿੱਚ ਸਫ਼ਾਈ ਦੇ ਪ੍ਰਬੰਧਾਂ ਦਾ ਖਾਸ ਖਿਆਲ ਰੱਖਿਆ ਜਾਵੇ। ਮੀਟਿੰਗ ਵਿੱਚ ਐਸਡੀਓ ਨਿਰਮਲ ਸਿੰਘ, ਸੁਪਰਡੈਂਟ ਸੁੰਦਰ ਦਾਸ, ਸ਼ਸ਼ੀ ਭੂਸ਼ਨ ਵਰਮਾ ਐਮਡੀ, ਐਫ. ਸੀ. ਵਰਮਾ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਭੰਡਾਰੀ ਗੇਟ ਬਟਾਲਾ, ਦਿਲਬਾਗ ਸਿੰਘ ਸੈਨੇਟਰੀ ਇੰਸਪੈਕਟਰ, ਪਰਮਿੰਦਰ ਸਿੰਘ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਸਕੂਲਾਂ ਦੇ ਨੁਮਾਇੰਦੇ ਹਾਜ਼ਰ ਸਨ।

## ਲਾਈਫ ਸੇਫਟੀ ਫਾਇਰ ਪ੍ਰੋਟੈਕਸ਼ਨ ਫਰਮ ਵੱਲੋਂ ਅੱਗ ਬੁਝਾਊ ਯੰਤਰਾਂ ਦੀ ਟ੍ਰੇਨਿੰਗ



**ਚੋਹਲਾ ਸਾਹਿਬ (ਰਮਨ ਚੱਢਾ)**-ਕਮਿਊਨਿਟੀ ਹੈਲਥ ਸੈਂਟਰ ਸਰਹਾਲੀ ਵਿਖੇ ਅੱਗ ਬੁਝਾਊ ਯੰਤਰਾਂ ਦੀ ਵਰਤੋਂ ਕਰਨ ਦੀ ਟ੍ਰੇਨਿੰਗ ਸਮੂਹ ਸਟਾਫ ਨੂੰ ਸਿਵਲ ਸਰਜਨ ਤਰਨ ਤਾਰਨ ਡਾ. ਗੁਰਪ੍ਰੀਤ ਸਿੰਘ ਰਾਏ ਦੇ ਦਿਸ਼ਾ ਨਿਰਦੇਸ਼ਾਂ, ਡਾ. ਨਵਦੀਪ ਕੌਰ ਬੁੱਟਰ ਇੰਚਾਰਜ ਸੀ ਐਚ ਸੀ ਸਰਹਾਲੀ ਦੀ ਯੋਗ ਅਗਵਾਈ ਹੇਠ ਦਿੱਤੀ ਗਈ। ਇਸ ਸਮੇਂ ਲਾਈਫ ਸੇਫਟੀ ਫਾਇਰ ਪ੍ਰੋਟੈਕਸ਼ਨ ਫਰਮ ਵੱਲੋਂ ਦਵਿੰਦਰ ਸਿੰਘ ਅਤੇ ਗੋਵਿੰਦਜੀਤ ਸਿੰਘ ਫਾਇਰ ਫਾਈਟਰ ਵੱਲੋਂ ਸਰਹਾਲੀ ਦੇ ਸਮੂਹ ਸਟਾਫ ਨੂੰ ਅੱਗੇ ਬੁਝਾਊ ਯੰਤਰਾਂ ਦੀ ਟ੍ਰੇਨਿੰਗ ਦਿੱਤੀ ਗਈ। ਇਸ ਸਮੇਂ ਫਾਇਰ ਫਾਈਟਰ ਦਵਿੰਦਰ ਸਿੰਘ ਵੱਲੋਂ ਏ ਬੀ ਸੀ ਸਿਲੰਡਰਾਂ ਨੂੰ ਅੱਗ ਲੱਗਣ 'ਤੇ ਕਿਸ ਤਰਾਂ ਵਰਤਣਾ ਹੈ, ਬਾਰੇ ਜਾਣਕਾਰੀ ਦਿੰਦੇ ਹੋਏ ਡਾ. ਨਵਦੀਪ ਕੌਰ ਬੁੱਟਰ, ਸਟਾਫ ਨਰਸ ਕਵਲਜੀਤ ਕੌਰ, ਮਹਿੰਦਰ ਸਿੰਘ ਆਦਿ ਮੁਲਾਜ਼ਮਾਂ ਪਾਸੋਂ ਸਾਹਮਣੇ ਕੱਪੜੇ ਦੇ ਟੁਕੜੇ ਨੂੰ ਅੱਗ ਲਗਾ ਕੇ ਸਿਲੰਡਰਾਂ ਚਲਾਉਣ ਅਤੇ ਅੱਗ 'ਤੇ ਪ੍ਰੈਸ਼ਰ ਪਾ ਕੇ ਬੁਝਾਉਣ ਦੀ ਟ੍ਰੇਨਿੰਗ ਦਿੱਤੀ। ਇਹ ਵੀ ਦੱਸਿਆ ਕਿ ਅੱਗ ਬੁਝਾਉਣ ਸਮੇਂ ਅੱਗ ਤੋਂ ਲਗਪਗ 6 ਫੁੱਟ ਦੀ ਦੂਰੀ ਬਣਾ ਕੇ ਰੱਖੋ। ਉਨ੍ਹਾਂ ਦੱਸਿਆ ਕਿ ਏ ਬੀ ਸਿਲੰਡਰ ਕਮਰਿਆਂ ਵਿੱਚ ਸਮਾਨ ਆਦਿ ਨੂੰ ਅੱਗ ਲੱਗਣ 'ਤੇ ਵਰਤੇ ਜਾਂਦੇ ਹਨ ਅਤੇ ਸੀ ਸਿਲੰਡਰ ਕੰਪਿਊਟਰ ਅਤੇ ਇਲੈਕਟ੍ਰੋਨਿਕਸ ਦੇ ਸਮਾਨ ਨੂੰ ਅੱਗ ਲੱਗਣ 'ਤੇ ਵਰਤਣ ਸੰਬੰਧੀ ਦੱਸਿਆ। ਇਸ ਸਮੇਂ ਜਸਕੀਰਤ ਸਿੰਘ ਫਾਰਮੇਸੀ ਅਫਸਰ, ਗੁਰਭੇਜ ਸਿੰਘ, ਜਸਵਿੰਦਰ ਸਿੰਘ, ਮਨਦੀਪ ਸਿੰਘ, ਨਰਿੰਦਰ ਕੁਮਾਰ, ਕਰਨਦੀਪ ਸਿੰਘ, ਕਵਲਜੀਤ ਕੌਰ, ਗੁਰਪ੍ਰੀਤ ਕੌਰ, ਸੰਦੀਪ ਕੌਰ, ਜਸਵਿੰਦਰ ਕੌਰ, ਰਮਨਦੀਪ ਕੌਰ, ਗੁਰਗੇਸ਼ ਕੁਮਾਰ, ਜੋਗਿੰਦਰ ਸਿੰਘ, ਲਖਵਿੰਦਰ ਸਿੰਘ ਆਦਿ ਹਾਜ਼ਰ ਸਨ।

## ਕਾਂਗਰਸ ਨੂੰ ਝਟਕਾ, ਹਰੂਵਾਲ ਦੇ ਕੱਟੜ ਕਾਂਗਰਸੀ ਪਰਵਾਰ 'ਆਪ' 'ਚ ਸ਼ਾਮਲ

### ਸ਼ਾਮਲ ਹੋਏ ਪਰਵਾਰਾਂ ਨੂੰ ਗੁਰਦੀਪ ਸਿੰਘ ਰੰਧਾਵਾ ਨੇ ਕੀਤਾ ਸਨਮਾਨਿਤ



**ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ)**-ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਅੰਦਰ ਕਾਂਗਰਸ ਪਾਰਟੀ ਤੇ ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੂੰ ਉਸ ਵੇਲੇ ਵੱਡਾ ਝਟਕਾ ਲੱਗਾ ਜਦ ਪਿੰਡ ਹਰੂਵਾਲ ਦੇ ਕੱਟੜ ਕਾਂਗਰਸੀ ਤੇ ਸੁਖਜਿੰਦਰ ਸਿੰਘ ਰੰਧਾਵਾ ਦੇ ਅਤਿ ਨਜ਼ਦੀਕੀ ਮੰਨੇ ਜਾਂਦੇ ਪਰਿਵਾਰਾਂ ਨੇ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਗੁਰਦੀਪ ਸਿੰਘ ਰੰਧਾਵਾ ਦੀ ਅਗਵਾਈ ਕਬੂਲਦਿਆਂ ਕਾਂਗਰਸ ਪਾਰਟੀ ਨੂੰ ਸਦਾ ਲਈ ਅਲਵਿਦਾ ਕਹਿ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ। ਆਮ ਆਦਮੀ ਪਾਰਟੀ 'ਚ ਸ਼ਾਮਲ ਹੋਣ ਵਾਲਿਆਂ ਸੀਨੀਅਰ ਕਾਂਗਰਸੀ ਆਗੂ ਬਲਵਿੰਦਰ ਸਿੰਘ ਬੱਬੀ, ਰਣਧੀਰ ਸਿੰਘ ਜੌਹਲ, ਲਾਡੀ ਸਮਰਾ, ਮੰਗਲ ਸਿੰਘ, ਸਤਨਾਮ ਸਿੰਘ, ਬਿੱਟੂ ਮਸੀਹ ਮੰਘੋ, ਸੁਖਦੇਵ ਸਿੰਘ ਕਾਲਾ, ਮੇਸੀ ਮਸੀਹ ਤੇ ਸੁਖਦੇਵ ਸਿੰਘ ਸੁੱਖਾ ਨੂੰ ਗੁਰਦੀਪ ਸਿੰਘ ਰੰਧਾਵਾ ਵੱਲੋਂ ਜੀ ਆਇਆਂ ਕਹਿੰਦਿਆਂ ਹੋਇਆਂ ਗਲਾਂ ਵਿੱਚ ਪਾਰਟੀ ਦਾ ਨਿਸ਼ਾਨ ਪਾ ਕੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਇਨ੍ਹਾਂ ਕਾਂਗਰਸੀ ਆਗੂਆਂ ਨੇ ਕਿਹਾ ਕਿ ਉਹ ਭਗਵੰਤ ਮਾਨ ਸਰਕਾਰ ਦੀਆਂ ਨੀਤੀਆਂ ਤੇ ਕਰਵਾਏ ਜਾ ਰਹੇ ਕੰਮਾਂ ਤੋਂ ਖੁਸ਼ ਹੋ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਪਾਰਟੀ ਵੱਲੋਂ ਉਨ੍ਹਾਂ ਦੀ ਜੋ ਵੀ ਡਿਊਟੀ ਲਗਾਈ ਜਾਵੇਗੀ ਉਹ ਉਸ ਨੂੰ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣਗੇ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਆਮ ਲੋਕਾਂ ਦੀ ਪਾਰਟੀ ਹੈ ਤੇ ਇਸ ਵਿੱਚ ਸ਼ਾਮਲ ਹੋਣ ਵਾਲੇ ਹਰ ਵਿਅਕਤੀ ਨੂੰ ਬਣਦਾ ਪੂਰਾ ਪੂਰਾ ਮਾਣ ਸਤਿਕਾਰ ਦਿੱਤਾ ਜਾਵੇਗਾ। ਇਸ ਮੌਕੇ ਕਰਮਜੀਤ ਸਿੰਘ ਹਰੂਵਾਲ, ਪ੍ਰੇਮ ਸਿੰਘ ਸਾਬਕਾ ਸਰਪੰਚ, ਜਸਵੰਤ ਸਿੰਘ ਕੋਚ, ਲਵਪ੍ਰੀਤ ਸਿੰਘ ਪੀ ਏ ਆਦਿ ਹਾਜ਼ਰ ਸਨ।

## ਲੁੱਟਾ-ਖੋਹਾਂ ਦੀ ਵਾਰਦਾਤ ਕਰਨ ਵਾਲੇ ਗਰੋਹ ਦੇ ਮੈਂਬਰ ਗ੍ਰਿਫਤਾਰ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)** ਭੋਗਪੁਰ ਪੁਲਸ ਨੂੰ ਵੱਡੀ ਸਫਲਤਾ ਮਿਲੀ ਜਦੋਂ ਪੁਲਸ ਨੂੰ ਸੂਚਨਾ ਮਿਲੀ ਸੀ ਕਿ ਹਾਈਵੇਅ 'ਤੇ ਸ਼ਰਾਬ ਦੇ ਠੇਕੇ 'ਤੇ ਹਥਿਆਰ ਦਿਖਾ ਕੇ ਲੁੱਟ ਖੋਹ ਹੋਈ ਹੈ। ਜੋ ਪੁਲਸ ਤੁਰੰਤ ਹਰਕਤ 'ਚ ਆਈ ਅਤੇ ਮੁਖਵਿੰਦਰ ਸਿੰਘ ਭੁੱਲਰ ਪੀ ਪੀ ਐਸ ਸੀਨੀਅਰ ਪੁਲਸ ਕਪਤਾਨ ਜਲੰਧਰ ਦਿਹਾਤੀ ਦੀਆਂ ਹਦਾਇਤਾਂ ਮੁਤਾਬਕ, ਸੁਖਰਾਜ ਸਿੰਘ ਪੀ ਪੀ ਐਸ ਉਪ ਪੁਲਸ ਕਪਤਾਨ ਆਦਮਪੁਰ ਦੀ ਨਿਗਰਾਨੀ ਹੇਠ, ਇੰਸਪੈਕਟਰ ਸੁਖਜੀਤ ਸਿੰਘ ਐਸ.ਐਚ.ਓ ਭੋਗਪੁਰ ਦੀ ਅਗਵਾਈ 'ਚ ਵੱਖ-ਵੱਖ ਟੀਮਾਂ ਬਣਾ ਕੇ ਮੁਲਜ਼ਮਾਂ ਦੀ ਭਾਲ ਕਰਨ ਲਈ ਭੇਜ ਦਿੱਤੀਆਂ। ਜਾਣਕਾਰੀ ਦਿੰਦਿਆਂ ਐਸ ਐਚ ਓ ਸੁਖਜੀਤ ਸਿੰਘ ਦੱਸਿਆ ਕਿ ਪੁਲਸ ਨੇ ਦੋ ਮੋਟਰ ਸਾਈਕਲ ਸਵਾਰਾਂ ਨੂੰ ਪਿੰਡ ਟਾਂਡੀ ਕੋਲ ਰੋਕਿਆ ਤਾਂ ਉਹਨਾਂ ਦੇ ਹੁਲੀਏ ਬਿਲਕੁੱਲ ਉਹੀ ਸਨ ਜਿਹਨਾ ਨੇ ਠੇਕੇ 'ਤੇ ਲੁੱਟ ਕੀਤੀ ਸੀ। ਜਿਹਨਾਂ ਨੂੰ ਪੁੱਛਣ ਤੇ ਉਨ੍ਹਾਂ ਆਪਣਾ ਨਾਂਅ ਅਵਤਾਰ ਸਿੰਘ ਉਰਫ ਤਾਰੀ ਪੁੱਤਰ ਕੁਲਦੀਪ ਸਿੰਘ ਵਾਸੀ ਭਟਨੂਰਾ ਕਲਾਂ ਅਤੇ ਦੂਸਰੇ ਨਾਂਅ ਆਪਣਾ ਨਾਂਅ ਹਰਮੇਸ਼ ਲਾਲ ਉਰਫ ਹਨੀ ਪੁਤਰ ਰੇਸ਼ਮ ਲਾਲ ਵਾਸੀ ਪਿੰਡ ਪੰਡੋਰੀ ਝਾਵਾ, ਥਾਣਾ ਟਾਂਡਾ ਦਸਿਆ ਜਿਹਨਾ ਨੇ ਪੁਛ ਗਿਛ ਦੌਰਾਨ ਮੰਨਿਆ ਕਿ ਉਹਨਾਂ ਨੇ ਅੱਜ ਦੁਪਿਹਰ ਨੂੰ ਹੀ ਟਾਂਡਾ ਸ਼ਹਿਰ 'ਚ ਇੱਕ ਲੜਕੀ ਪਾਸੋਂ ਮੋਬਾਇਲ ਅਤੇ ਪਰਸ ਦੀ ਖੋਹ ਕੀਤੀ ਹੈ। ਉਸ ਵਕਤ ਹੀ ਇੱਕ ਹੋਰ ਲੜਕੀ ਪਾਸ ਮੋਬਾਇਲ ਖੋਹਿਆ ਸੀ ਅਤੇ ਉਦੋਂ ਹੀ ਟਾਂਡਾ 'ਚੋਂ ਹੀ ਇੱਕ ਦੁਕਾਨਦਾਰ ਪਾਸੋਂ ਮੋਬਾਇਲ ਖੋਹਿਆ ਸੀ ਅਤੇ ਬਾਅਦ 'ਚ ਉਨ੍ਹਾਂ ਨੇ ਭੋਗਪੁਰ ਵਿਖੇ ਸ਼ਰਾਬ ਦੇ ਠੇਕੇ ਵਿੱਚ ਲੁੱਟ ਦੀਆਂ ਵਾਰਦਾਤਾਂ ਕੀਤੀਆਂ। ਜਿਹਨਾਂ ਨੇ ਟਾਂਡਾ ਤੋਂ ਖੋਏ ਤਿੰਨ ਮੋਬਾਇਲ ਅਤੇ ਭੋਗਪੁਰ ਤੋ ਲੋਕਾਂ ਤੋਂ ਲੁਟੇ ਪੈਸੇ ਬਾਰਮਦ ਕੀਤੇ ਜਿਹਨਾਂ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕਰਕੇ ਹੋਰ ਪੁੱਛ-ਗਿੱਛ ਕੀਤੀ ਜਾਵੇਗੀ।

## ਭਾਸ਼ਾ ਵਿਭਾਗ ਵੱਲੋਂ ਸਾਹਿਤ ਸਿਰਜਣ ਤੇ ਕਵਿਤਾ ਗਾਇਨ ਮੁਕਾਬਲੇ



**ਧਾਰੀਵਾਲ/ਗੁਰਦਾਸਪੁਰ, (ਮਨਦੀਪ ਸਿੰਘ ਵਿੱਕੀ, ਜਨਕ ਮਹਾਜਨ)** - ਪੰਜਾਬ ਸਰਕਾਰ ਦੇ ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ ਪੰਜਾਬ ਪ੍ਰਮੁੱਖ ਸਕੱਤਰ ਜਸਪ੍ਰੀਤ ਕੌਰ ਤਲਵਾੜ ਦੀ ਰਹਿਨੁਮਾਈ, ਵਧੀਕ ਡਾਇਰੈਕਟਰ ਡਾ. ਵੀਰਪਾਲ ਕੌਰ ਦੀ ਅਗਵਾਈ ਅਤੇ ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਪਰਮਜੀਤ ਸਿੰਘ ਕਲਸੀ ਨੈਸ਼ਨਲ ਐਵਾਰਡੀ ਦੀ ਯੋਜਨਾਬੱਧ ਕਾਰਜਸ਼ੈਲੀ ਹੇਠ ਸਰਕਾਰੀ ਕਾਲਜ ਗੁਰਦਾਸਪੁਰ 'ਚ ਲੇਖ ਰਚਨਾ, ਕਹਾਣੀ ਸਿਰਜਣਾ, ਕਵਿਤਾ ਰਚਨਾ ਅਤੇ ਕਵਿਤਾ ਗਾਇਨ ਦੇ ਜ਼ਿਲ੍ਹਾ ਪੱਧਰੀ ਸਾਹਿਤ ਸਿਰਜਣ ਮੁਕਾਬਲੇ ਕਰਵਾਏ ਗਏ, ਜਿਨ੍ਹਾਂ ਵਿੱਚ ਉੱਘੇ ਗ਼ਜ਼ਲਗੋ ਕਮਲਜੀਤ ਸਿੰਘ ਕਮਲ ਤੇ ਸਟੇਟ ਐਵਾਰਡੀ ਗੁਰਮੀਤ ਸਿੰਘ ਬਾਜਵਾ ਨੇ ਜੱਜਮੈਂਟ ਦੀ ਡਿਊਟੀ ਨਿਭਾਈ। ਇਨ੍ਹਾਂ ਮੁਕਾਬਲਿਆਂ 'ਚੋਂ ਲੇਖ ਰਚਨਾ 'ਚ ਸਿਮਰਨਜੀਤ ਕੌਰ (ਸ.ਸ.ਸ.ਸ., ਰੰਗੜ ਨੰਗਲ) ਨੇ ਪਹਿਲਾ, ਨੂਰਪ੍ਰੀਤ ਕੌਰ (ਲਾਰੈਂਸ ਇੰਟਰਨੈਸ਼ਨਲ ਸਕੂਲ ਬਟਾਲਾ) ਨੇ ਦੂਜਾ ਅਤੇ ਜਸਮੀਤ ਕੌਰ (ਸ.ਸ.ਸ.ਸ. ਗੋਹਤ ਪੋਖਰ) ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਕਵਿਤਾ ਰਚਨਾ 'ਚ ਰਾਜਦੀਪ ਕੌਰ (ਸ.ਸ.ਸ.ਸ. ਰੰਗੜ ਨੰਗਲ) ਨੇ ਪਹਿਲਾ, ਨਵਦੀਪ ਕੌਰ (ਲਾਰੈਂਸ ਇੰਟਰਨੈਸ਼ਨਲ ਸਕੂਲ, ਬਟਾਲਾ) ਨੇ ਦੂਜਾ ਅਤੇ ਜੋਇਲ ਖ਼ਜੂਰੀਆ (ਸਵਾਮੀ ਵਿਵੇਕਾਨੰਦ ਹਾਈ ਸਕੂਲ, ਦੀਨਾਨਗਰ) ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਕਹਾਣੀ ਰਚਨਾ 'ਚ ਸਿਮਰਨ (ਸਵਾਮੀ ਵਿਵੇਕਾਨੰਦ ਹਾਈ ਸਕੂਲ, ਦੀਨਾਨਗਰ) ਨੇ ਪਹਿਲਾ, ਕੋਮਲਪ੍ਰੀਤ ਕੌਰ (ਸ.ਸ.ਸ.ਸ. ਰੰਗੜ ਨੰਗਲ) ਨੇ ਦੂਜਾ ਅਤੇ ਅਭੀਜੋਤ ਸਿੰਘ (ਲਾਰੈਂਸ ਇੰਟਰਨੈਸ਼ਨਲ ਸਕੂਲ, ਬਟਾਲਾ) ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਕਵਿਤਾ ਗਾਇਨ 'ਚ ਸ਼ਬਨਮ (ਸ.ਸ.ਸ.ਸ., ਕੈਂਪ ਬਟਾਲਾ) ਨੇ ਪਹਿਲਾ, ਭਵਨ ਕੌਰ (ਸ.ਸ.ਸ.ਸ. ਰੰਗੜ ਨੰਗਲ) ਨੇ ਦੂਜਾ ਅਤੇ ਸਮੀਰ (ਸ.ਸ.ਸ.ਸ., ਡਾਲਾ) ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਪਰਮਜੀਤ ਸਿੰਘ ਕਲਸੀ ਨੇ ਦੱਸਿਆ ਕਿ ਵੱਖ-ਵੱਖ ਸਾਹਿਤ ਸਿਰਜਣ ਮੁਕਾਬਲਿਆਂ 'ਚ ਜ਼ਿਲ੍ਹਾ ਪੱਧਰ 'ਤੇ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਭਾਸ਼ਾ ਵਿਭਾਗ, ਪੰਜਾਬ ਦੇ ਹੋਣ ਵਾਲੇ ਰਾਜ ਪੱਧਰੀ ਮੁਕਾਬਲਿਆਂ ਲਈ ਵੀ ਚੁਣੇ ਗਏ ਹਨ। ਜ਼ਿਲ੍ਹਾ ਪੱਧਰ 'ਤੇ ਪਹਿਲਾ, ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲਿਆਂ ਨੂੰ ਕ੍ਰਮਵਾਰ 1000, 750 ਤੇ 500 ਰੁ. ਨਕਦ ਜਾਂ ਭਾਸ਼ਾ ਵਿਭਾਗ ਦੀਆਂ ਵਿਭਾਗੀ ਪੁਸਤਕਾਂ ਇਨਾਮ ਵਜੋਂ ਪ੍ਰਦਾਨ ਕੀਤੀਆਂ ਜਾਣਗੀਆਂ ਅਤੇ ਉਨ੍ਹਾਂ ਨੂੰ ਜੇਤੂ ਹੋਣ ਦਾ ਪ੍ਰਮਾਣ ਪੱਤਰ ਵੀ ਜਲਦ ਜਾਰੀ ਕੀਤਾ ਜਾਵੇਗਾ।

ਸਮਾਰੋਹ ਦੀ ਪ੍ਰਧਾਨਗੀ ਸਥਾਨਕ ਕਾਲਜ ਦੇ ਪ੍ਰਿੰ. ਪ੍ਰੀਤ ਦਵਿੰਦਰ ਕੌਰ ਵੱਲੋਂ ਕੀਤੀ ਗਈ। ਇਸ ਸਮਾਰੋਹ 'ਚ ਸੇਲ ਇੰਚਾਰਜ ਸ਼ਾਮ ਸਿੰਘ, ਪ੍ਰੋ. ਬਲਜੀਤ ਸਿੰਘ, ਪ੍ਰੋ. ਹਰਮੀਤ ਕੌਰ ਤੇ ਹੋਰ ਅਧਿਆਪਕ ਹਾਜ਼ਰ ਸਨ।

## 'ਮਾਨ ਦੀ ਦੂਰਅੰਦੇਸ਼ੀ ਹੀ ਪੰਜਾਬ ਨੂੰ ਦਲਦਲ 'ਚੋਂ ਕੱਢੇਗੀ ਬਾਹਰ'

**ਤਰਨ ਤਾਰਨ ( ਪ੍ਰਿਤਪਾਲ ਸਿੰਘ)**-ਪੰਜਾਬ ਨੂੰ ਪਹਿਲੀ ਵਾਰ ਇਸ ਤਰ੍ਹਾਂ ਦੀ ਚੰਗੀ ਸੋਚ ਵਾਲਾ ਮੁੱਖ ਮੰਤਰੀ ਮਿਲਿਆ ਹੈ ਜੋ ਹਰ ਖੇਤਰ 'ਚ ਆਪਣੇ ਆਪ ਨੂੰ ਸਰੀਰਕ ਤੌਰ 'ਤੇ ਸ਼ਰੀਕ ਕਰਕੇ ਕਰਦਾ ਹੈ ਪੰਜਾਬ ਵਾਸੀਆਂ ਲਈ ਫੈਸਲੇ। ਹੁਣੇ ਹੁਣੇ ਏਸ਼ੀਅਨ ਖਿਡਾਰੀਆਂ ਲਈ ਲਏ ਗਏ ਵੱਡੇ ਫੈਸਲੇ ਪੰਜਾਬ ਦੀ ਆਬੋ ਹਵਾ 'ਚ ਉਤਸ਼ਾਹ ਪੈਦਾ ਕਰਨਗੇ। ਚੇਅਰਮੈਨ ਗੁਰਦੇਵ ਸਿੰਘ ਲਾਖਣਾ, ਚੇਅਰਮੈਨ ਰਣਜੀਤ ਸਿੰਘ ਚੀਮਾ, ਚੇਅਰਮੈਨ ਗੁਰਵਿੰਦਰ ਸਿੰਘ ਬਹਿੜਵਾਲ, ਜ਼ਿਲ੍ਹਾ ਪ੍ਰੈਸ ਸਕੱਤਰ ਹਰਪ੍ਰੀਤ ਸਿੰਘ ਧੁੰਨਾ ਨੇ ਦੱਸਿਆ ਕਿ ਏਸ਼ੀਅਨ ਖੇਡਾਂ 'ਚ ਗੋਲਡ ਮੈਡਲ ਜਿੱਤਣ ਵਾਲੇ ਨੂੰ ਤਿੰਨ ਕਰੋੜ ਰੁਪਏ, ਸਿਲਵਰ ਵਾਲੇ ਨੂੰ ਦੋ ਕਰੋੜ ਤੇ ਕਾਂਸੀ ਮੈਡਲ ਨੂੰ ਇੱਕ ਕਰੋੜ ਦੇਣ ਦਾ ਫੈਸਲਾ ਕੀਤਾ ਗਿਆ ਹੈ। ਇਹ ਫੈਸਲੇ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਤੋਂ ਦੂਰ ਹੋ ਕੇ ਖੇਡਾਂ ਵੱਲ ਰੁਖ ਕਰਨ ਵਿੱਚ ਸਹਾਇਕ ਹੋਣਗੇ। ਇਸ ਦੇ ਨਾਲ ਹੀ ਇਨ੍ਹਾਂ ਖੇਡਾਂ ਵਿੱਚ ਭਾਗ ਲੈਣ ਵਾਲੇ ਨੌਜਵਾਨਾਂ ਤੋਂ ਲੈ ਕੇ ਜੇਤੂ ਨੌਜਵਾਨਾਂ ਨੂੰ ਲਗਪਗ 500 ਨੌਕਰੀਆਂ ਦੇ ਕੇ ਵੀ ਨਿਵਾਜਿਆ ਜਾਵੇਗਾ। ਗੋਲਡ ਮੈਡਲ ਜੇਤੂ 40 ਨੂੰ ਡਿਪਟੀ ਡਾਇਰੈਕਟਰ, ਸਿਲਵਰ ਮੈਡਲ 92 ਨੂੰ ਸੀਨੀਅਰ ਕੋਚ, ਕਾਂਸੀ ਮੈਡਲ 138 ਨੂੰ ਕੋਚ ਅਤੇ ਭਾਗ ਲੈਣ ਵਾਲਿਆਂ ਚੋਂ 230 ਨੂੰ ਜੂਨੀਅਰ ਕੋਚ ਨਿਯੁਕਤ ਕੀਤਾ ਜਾਵੇਗਾ। ਇਸ ਫੈਸਲੇ ਨਾਲ ਜੂਨੀਅਰ ਕੋਚ ਅਤੇ ਡਿਪਟੀ ਡਾਇਰੈਕਟਰਾਂ ਦੀ ਗਿਣਤੀ ਵੀ ਪੂਰੀ ਹੋਵੇਗੀ ਜਿਸ ਨਾਲ ਨੌਜਵਾਨਾਂ ਦਾ ਖੇਡਾਂ ਪ੍ਰਤੀ ਉਤਸ਼ਾਹ ਵਧੇਗਾ ਅਤੇ ਉਨ੍ਹਾਂ ਨੂੰ ਪ੍ਰੋਪਰ ਕੋਚਿੰਗ ਵੀ ਮਿਲੇਗੀ। ਲੁਧਿਆਣਾ 'ਚ ਮਕਾਨ ਬਣਾਉਣ ਵਾਸਤੇ 25 ਹਜ਼ਾਰ ਪਰਵਾਰਾਂ ਨੂੰ 101 ਕਰੋੜ ਰੁਪਏ ਦੇ ਚੈੱਕ ਵੰਡੇ ਗਏ ਅਤੇ ਨਾਲ ਹੀ ਲੁਧਿਆਣਾ ਸ਼ਹਿਰ ਦੀ ਸਾਫ ਸਫਾਈ ਲਈ ਲੁਧਿਆਣਾ ਨਗਰ ਨਿਗਮ ਨੂੰ 50 ਨਵੇਂ ਟ੍ਰੈਕਟਰ ਤੇ ਸੀਵਰੇਜ ਸਾਫ਼ ਰੱਖਣ ਲਈ ਹਾਈਟੈੱਕ ਮਸ਼ੀਨਾਂ ਦਿੱਤੀਆਂ ਗਈਆਂ ਹਨ। 12 ਹਜ਼ਾਰ ਟੀਚਰਾਂ ਨੂੰ ਪੱਕੇ ਹੋਣ ਦਾ ਮਾਣ ਅਤੇ ਸਨਮਾਨਯੋਗ ਤਨਖਾਹ ਦਿੱਤੀ ਗਈ ਹੈ।

## ਸਿਵਲ ਹਸਪਤਾਲ ਨੂੰ ਬਚਾਉਣ ਲਈ ਜਨਤਕ ਲਾਮਬੰਦੀ ਤਹਿਤ ਭਰਵਾਂ ਹੁੰਗਾਰਾ

**ਫਿਲੌਰ (ਨਿਰਮਲ)**- ਸਿਵਲ ਹਸਪਤਾਲ ਫਿਲੌਰ ਨੂੰ ਬਚਾਉਣ ਲਈ ਲਾਮਬੰਦੀ ਤਹਿਤ ਪਿੰਡ ਭੱਟੀਆਂ ਵਿਖੇ ਸਰਪੰਚ ਸਰਵਜੀਤ ਸਿੰਘ, ਬਲਵੀਰ ਕੌਰ, ਹਰਸ਼ੋਕ ਕੁਮਾਰ, ਰਾਜਵਿੰਦਰ ਕੌਰ, ਹਰਮੇਸ਼ ਕੁਮਾਰ, ਰਾਜ ਕੁਮਾਰ, ਚੰਦਰ ਲਾਲ, ਪ੍ਰੇਮ ਕੁਮਾਰ ਦੀ ਅਗਵਾਈ 'ਚ ਭਰਵੀ ਮੀਟਿੰਗ ਹੋਈ ਜਿਸ 'ਚ ਸਿਵਲ ਹਸਪਤਾਲ ਬਚਾਉ ਸੰਘਰਸ਼ ਕਮੇਟੀ ਦੀ ਟੀਮ ਮਾਸਟਰ ਹੰਸ ਰਾਜ, ਵਿਸ਼ਾਲ ਖਹਿਰਾ ਸਰਪੰਚ ਹਰਬੰਸ ਖਹਿਰਾ, ਜਸਵੰਤ ਬੋਧ ਜਰਨੈਲ ਫਿਲੌਰ, ਪਰਸ਼ੋਤਮ ਫਿਲੌਰ ਨੇ ਸ਼ਿਰਕਤ ਕੀਤੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਜਰਨੈਲ ਫਿਲੌਰ ਨੇ ਕਿਹਾ ਆਜ਼ਾਦੀ ਦੇ 76 ਸਾਲ ਦੇ ਬੀਤ ਜਾਣ ਦੇ ਬਾਵਜੂਦ ਆਮ ਲੋਕ ਬਿਨਾਂ ਇਲਾਜ ਤੋਂ ਮਰਨ ਲਈ ਮਜਬੂਰ ਹਨ। ਆਮ ਲੋਕਾਂ ਦੀ ਸਿਹਤ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਵਿਸ਼ਾਲ ਖਹਿਰਾ ਨੇ ਕਿਹਾ ਕਿ ਇਹ ਆਓ ਜਾਤ ਧਰਮ ਪਾਰਟੀਆਂ ਤੋਂ ਉਪਰ ਉੱਠ ਕੇ ਇਸ ਲੜਾਈ ਨੂੰ ਜਿੱਤ ਤੱਕ ਲੈ ਕੇ ਜਾਈਏ। ਪਰਸ਼ੋਤਮ ਫਿਲੌਰ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿ ਅੱਜ ਸਿਵਲ ਹਸਪਤਾਲ ਫਿਲੌਰ ਅੰਦਰ ਵੱਖ ਵੱਖ ਅਸਾਮੀਆਂ ਖਾਲੀ ਅਸਾਮੀਆਂ ਬਾਰੇ ਆਖਿਆ ਕਿ ਜਲਦ ਤੋਂ ਜਲਦ ਭਰੀਆਂ ਜਾਣ। ਫਿਲੌਰ ਸਿਵਲ ਹਸਪਤਾਲ ਦੇ ਹਾਲਾਤ ਠੀਕ ਕਰਨ ਲਈ ਇਸ ਲੜਾਈ ਨੂੰ ਘਰਾਂ ਤੱਕ ਲੈ ਕੇ ਜਾਣ ਦੀ ਲੋੜ ਹੈ। ਇਸ ਨੂੰ ਲਹਿਰ ਬਣਾਉਣ ਦੀ ਲੋੜ ਹੈ। ਉਪਰੰਤ ਸਰਪੰਚ ਸਰਬਜੀਤ ਭੱਟੀਆਂ ਨੇ ਭਰੋਸਾ ਦਵਾਇਆ ਕਿ ਇਸ ਹੱਕੀ ਲੜਾਈ ਲਈ 11 ਅਗਸਤ ਨੂੰ ਘੱਟੋ ਘੱਟ ਇੱਕ ਗੱਡੀ ਭਰ ਕੇ ਆਵਾਂਗੇ ਅਤੇ ਆਏ ਹੋਏ ਲੋਕਾ ਦਾ ਧੰਨਵਾਦ ਵੀ ਕੀਤਾ।

4-Aug-PAGE-4.qxd 8/3/2023 10:47 PM Page 1

ਨਵਾਂ ਜ਼ਮਾਨਾ

ਸ਼ੁੱਕਰਵਾਰ, 4 ਅਗਸਤ 2023

# ਇੱਕ ਹੋਰ ਗਾਂਧੀ ਦਾ ਕਤਲ

*ਮਨੀਪੁਰ ਲਗਾਤਾਰ ਸੜ ਰਿਹਾ ਹੈ, ਪਰ ਹਾਕਮ ਲਗਾਤਾਰ ਖਾਮੋਸ਼ ਹੈ। ਫਾਸ਼ੀ ਹਾਕਮਾਂ ਦੀ ਖਾਮੋਸ਼ੀ ਅਸਲ ਵਿੱਚ ਸਹਿਮਤੀ ਹੁੰਦੀ ਹੈ। ਇਹ ਇਸ਼ਾਰਾ ਹੁੰਦਾ ਹੈ ਆਪਣੇ ਅੰਧ-ਭਗਤਾਂ ਲਈ ਅਜਿਹੇ ਕਾਰਨਾਮੇ ਜਾਰੀ ਰੱਖਣ ਦਾ। ਅੰਧ-ਭਗਤਾਂ ਨੇ ਵੀ ਨਿਰਾਸ਼ ਨਹੀਂ ਕੀਤਾ।*

*31 ਜੁਲਾਈ ਨੂੰ ਜਦੋਂ ਜੈਪੁਰ-ਮੁੰਬਈ ਸੁਪਰਫਾਸਟ ਰੇਲ ਗੱਡੀ ਮੁੰਬਈ ਪਹੁੰਚਣ ਵਾਲੀ ਸੀ ਤਾਂ ਇੱਕ ਮੋਦੀ-ਯੋਗੀ ਭਗਤ ਕਾਂਸਟੇਬਲ ਚੇਤਨ ਸਿੰਘ ਨੇ ਬੀ-5 ਕੋਚ ਵਿੱਚ ਪਹਿਲਾਂ ਆਪਣੇ ਅਧਿਕਾਰੀ ਸਹਾਇਕ ਸਬ ਇੰਸਪੈਕਟਰ ਨੂੰ ਗੋਲੀ ਮਾਰੀ। ਉਸ ਤੋਂ ਬਾਅਦ ਉਸ ਨੇ ਇੱਕ ਮੁਸਾਫ਼ਰ ਨੂੰ ਮਾਰ ਦਿੱਤਾ। ਫਿਰ ਉਸ ਨੇ ਪੰਜ ਬੋਗੀਆਂ ਅੱਗੇ ਜਾ ਕੇ ਪੈਂਟਰੀ ਕਾਰ ਵਿੱਚ ਇੱਕ ਵਿਅਕਤੀ ਨੂੰ ਗੋਲੀ ਮਾਰੀ। ਉਸ ਤੋਂ ਦੋ ਬੋਗੀਆਂ ਲੰਘ ਕੇ ਐਸ-6 ਵਿੱਚ ਬੈਠੇ ਇੱਕ ਹੋਰ ਵਿਅਕਤੀ ਨੂੰ ਮਾਰ ਦਿੱਤਾ।*

*ਦੱਸਿਆ ਜਾਂਦਾ ਹੈ ਕਿ ਚੇਤਨ ਸਿੰਘ ਦੀ ਪਹਿਲਾਂ ਆਪਣੇ ਅਧਿਕਾਰੀ ਟੀਕਾ ਰਾਮ ਮੀਣਾ ਨਾਲ ਬਹਿਸ ਹੋਈ ਤੇ ਫਿਰ ਉਸ ਨੇ ਗੁੱਸੇ ਵਿੱਚ ਮੀਣਾ ਨੂੰ ਗੋਲੀ ਨਾਲ ਉਡਾ ਦਿੱਤਾ। ਬਾਅਦ ਵਿੱਚ ਵੱਖ-ਵੱਖ ਡੱਬਿਆਂ ਵਿੱਚ ਬੈਠੇ ਜਿਨ੍ਹਾਂ ਤਿੰਨ ਵਿਅਕਤੀਆਂ ਨੂੰ ਮਾਰ ਦਿੱਤਾ, ਉਹ ਸਾਰੇ ਮੁਸਲਮਾਨ ਸਨ, ਜਿਹੜੇ ਆਪਣੇ ਕੱਪੜਿਆਂ ਤੇ ਵਧੀ ਦਾਹੜੀ ਕਾਰਨ ਪਛਾਣੇ ਜਾ ਸਕਦੇ ਸਨ।*

*ਚੇਤਨ ਸਿੰਘ ਰੇਲਵੇ ਪ੍ਰੋਟੈਕਸ਼ਨ ਫੋਰਸ ਦੀ ਉਸ ਟੀਮ ਦਾ ਹਿੱਸਾ ਸੀ, ਜਿਸ ਦਾ ਕੰਮ ਡੱਬਿਆਂ ਵਿੱਚ ਗਸ਼ਤ ਕਰਨਾ ਹੁੰਦਾ ਹੈ। ਜਾਹਰ ਹੈ ਕਿ ਇਸੇ ਦੌਰਾਨ ਉਸ ਨੇ ਮਾਰੇ ਜਾਣ ਵਾਲਿਆਂ ਦੀ ਨਿਸ਼ਾਨਦੇਹੀ ਕਰ ਲਈ ਹੋਵੇਗੀ। ਮੋਦੀ ਨੇ ਹੀ ਕਿਹਾ ਸੀ ਕੱਪੜਿਆਂ ਤੋਂ ਪਛਾਣੋ ਤੇ ਉਸ ਨੇ ਪਛਾਣ ਲਏ।*

*ਮੌਕੇ ਦੇ ਗਵਾਹਾਂ ਮੁਤਾਬਕ ਚੇਤਨ ਸਿੰਘ ਤੇ ਮੀਣਾ ਵਿਚਕਾਰ ਹਿੰਦੂ-ਮੁਸਲਿਮ ਦੇ ਸਵਾਲ ਉੱਤੇ ਬਹਿਸ ਹੋਈ ਸੀ। ਮੀਣਾ ਦਾ ਨਜ਼ਰੀਆ ਚੇਤਨ ਸਿੰਘ ਦੇ ਨਫ਼ਰਤੀ ਨਜ਼ਰੀਏ ਤੋਂ ਵੱਖਰਾ ਸੀ, ਇਸ ਲਈ ਉਸ ਨੂੰ ਮਾਰ ਦਿੱਤਾ ਗਿਆ। ਚੇਤਨ ਸਿੰਘ ਅੰਦਰ ਮੁਸਲਮਾਨਾਂ ਪ੍ਰਤੀ ਕਿੰਨੀ ਨਫ਼ਰਤ ਭਰੀ ਹੋਈ ਸੀ, ਉਸ ਦਾ ਪਤਾ ਇਸੇ ਗੱਲ ਤੋਂ ਲਗਦਾ ਹੈ ਕਿ ਉਸ ਨੇ ਚੁਣ-ਚੁਣ ਕੇ ਤਿੰਨ ਮੁਸਲਮਾਨਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਇਹੋ ਨਹੀਂ, ਉਸ ਨੇ ਨਫ਼ਰਤ ਦਾ ਵਿਰੋਧ ਕਰਨ ਵਾਲੇ ਆਪਣੇ ਅਫ਼ਸਰ ਟੀਕਾ ਰਾਮ ਮੀਣਾ ਨੂੰ ਵੀ ਨਾ ਬਖਸ਼ਿਆ। ਆਖ਼ਰੀ ਵਿਅਕਤੀ ਦੀ ਮੌਤ ਤੋਂ ਬਾਅਦ ਉਸ ਨੇ ਹੋਰ ਮੁਸਾਫ਼ਰਾਂ ਨੂੰ ਆਪਣਾ ਵੀਡੀਓ ਬਣਾਉਣ ਲਈ ਕਹਿ ਕੇ ਛੋਟੇ ਜਿਹੇ ਭਾਸ਼ਣ ਰਾਹੀਂ ਕਿਹਾ, ਪਾਕਿਸਤਾਨ ਸੇ ਅਪਰੇਟ ਹੁਏ ਹੈਂ...ਇਨਕੇ ਆਕਾ ਹੈਂ ਵਹਾਂ...ਅਗਰ ਵੋਟ ਦੇਨਾ ਹੈ, ਅਗਰ ਹਿੰਦੁਸਤਾਨ ਮੇਂ ਰਹਨਾ ਹੈ, ਤੋਂ ਮੈਂ ਕਹਤਾ ਹੂੰ, ਮੋਦੀ ਔਰ ਯੋਗੀ, ਯੇ ਦੋ ਹੈਂ, ਔਰ ਆਪਕੇ ਠਾਕਰੇ।*

*ਰੇਲਵੇ ਪੁਲਸ ਹੁਣ ਉਸ ਨੂੰ ਮਾਨਸਿਕ ਰੋਗੀ ਕਹਿ ਰਹੀ ਹੈ। ਨਹੀਂ, ਉਹ ਮਾਨਸਿਕ ਰੋਗੀ ਨਹੀਂ ਸਗੋਂ ਨਫ਼ਰਤ ਦੀ ਰਾਜਨੀਤੀ ਦਾ ਪ੍ਰਪੱਕ ਭਗਤ ਹੈ। ਉਸ ਅੰਦਰ ਸਿਰਫ਼ ਮੁਸਲਮਾਨਾਂ ਲਈ ਹੀ ਨਫ਼ਰਤ ਨਹੀਂ, ਸਗੋਂ ਉਸ ਦੀ ਨਫ਼ਰਤੀ ਸੋਚ ਦਾ ਵਿਰੋਧ ਕਰਨ ਵਾਲੇ ਮੀਣਾ ਵਰਗੇ ਜਾਗਰੂਕ ਨਾਗਰਿਕ ਵੀ ਉਸ ਦੇ ਦੁਸ਼ਮਣ ਹਨ। ਇਸ ਨਫ਼ਰਤੀ ਸੋਚ ਲਈ ਮੋਦੀ ਤੇ ਯੋਗੀ ਉਸ ਦੇ ਆਦਰਸ਼ ਹਨ। ਪਿਛਲੇ 9 ਸਾਲਾਂ ਦੇ ਰਾਜ ਦੌਰਾਨ ਭਾਜਪਾ ਨੇ ਚੇਤਨ ਸਿੰਘ ਵਰਗੇ ਨੌਜਵਾਨਾਂ ਦੀ ਸਹਿਜ ਚੇਤਨਾ ਨੂੰ ਖ਼ਤਮ ਕਰਕੇ ਉਨ੍ਹਾਂ ਨੂੰ ਹਿੰਸਕ ਪਸ਼ੂ ਬਿਰਤੀ ਵਾਲਿਆਂ ਵਿੱਚ ਬਦਲ ਦਿੱਤਾ ਹੈ। ਅਸਲ ਵਿੱਚ 2015 ਵਿੱਚ ਦਾਦਰੀ ਵਿਖੇ ਮੁਹੰਮਦ ਅਖਲਾਕ ਦੀ ਹੱਤਿਆ ਨਾਲ ਸ਼ੁਰੂ ਹੋਏ ਭੀੜਤੰਤਰੀ ਹੱਤਿਆਵਾਂ ਦੇ ਸਿਲਸਿਲੇ ਦਾ ਇਹ ਅਗਲਾ ਪੜਾਅ ਹੈ, ਜਿਹੜਾ ਚੇਤਨ ਸਿੰਘ ਨੇ ਸ਼ੁਰੂ ਕਰ ਦਿੱਤਾ ਹੈ।*

*ਵੱਖ-ਵੱਖ ਸਿਆਸੀ ਆਗੂ ਇਹ ਖ਼ਦਸ਼ਾ ਪ੍ਰਗਟ ਕਰਦੇ ਆ ਰਹੇ ਸਨ ਕਿ 2024 ਦੀਆਂ ਲੋਕ ਸਭਾ ਚੋਣਾਂ ਜਿੱਤਣ ਲਈ ਭਾਜਪਾਈ ਦੰਗੇ ਭੜਕਾ ਸਕਦੇ ਹਨ। ਕਾਂਵੜੀਆਂ ਦੇ ਭੇਸ ਵਿੱਚ ਬਰੇਲੀ ਵਿੱਚ ਫਸਾਦ ਸ਼ੁਰੂ ਕਰਨ ਦੀ ਕੋਸ਼ਿਸ਼ ਨੂੰ ਉੱਥੇ ਤਾਇਨਾਤ ਪੁਲਸ ਮੁਖੀ ਨੇ ਨਾਕਾਮ ਕਰ ਦਿੱਤਾ ਸੀ, ਜਿਸ ਦਾ 'ਇਨਾਮ' ਉਸ ਨੂੰ ਇਹ ਮਿਲਿਆ ਕਿ ਉਸ ਦੀ ਬਦਲੀ ਕਰ ਦਿੱਤੀ ਗਈ। ਹਰਿਆਣਾ ਵਿੱਚ ਵਿਸ਼ਵ ਹਿੰਦੂ ਪ੍ਰੀਸ਼ਦ ਤੇ ਬਜਰੰਗ ਦਲੀਏ ਹਿੰਸਾ ਭੜਕਾਉਣ ਵਿੱਚ ਕਾਮਯਾਬ ਹੋ ਗਏ। ਰਾਜ ਸਰਕਾਰ ਦਾ ਸਾਰਾ ਜ਼ੋਰ ਇਹ ਸਾਬਤ ਕਰਨ 'ਤੇ ਲੱਗਾ ਹੋਇਆ ਹੈ ਕਿ ਦੰਗੇ ਮੁਸਲਮਾਨਾਂ ਨੇ ਸ਼ੁਰੂ ਕੀਤੇ ਸਨ। ਗ੍ਰਹਿ ਮੰਤਰੀ ਅਨਿਲ ਵਿੱਜ ਦਾ ਇਹ ਬਿਆਨ ਕਿ ਨੂਹ ਦੇ ਇੱਕ ਮੰਦਰ ਵਿੱਚ 3-4 ਹਜ਼ਾਰ ਹਿੰਦੂਆਂ ਨੂੰ ਬੰਦੀ ਬਣਾਇਆ ਗਿਆ ਹੈ, ਨਿਰਾ ਝੂਠ ਸੀ। ਹੁਣ ਤਾਂ ਮੰਦਰ ਦੇ ਪੁਜਾਰੀ ਨੇ ਵੀ ਕਹਿ ਦਿੱਤਾ ਹੈ ਕਿ ਅਜਿਹੀ ਕੋਈ ਗੱਲ ਨਹੀਂ ਸੀ, ਬਾਹਰ ਅੱਗਾਂ ਲੱਗਣ ਕਾਰਨ ਸ਼ਰਧਾਲੂ ਆਪਣੇ ਬਚਾਅ ਲਈ ਮੰਦਰ ਵਿੱਚ ਰੁਕੇ ਹੋਏ ਸਨ। ਅਨਿਲ ਵਿੱਜ ਦਾ ਬਿਆਨ ਬਲਦੀ ਉੱਤੇ ਤੇਲ ਪਾਉਣ ਵਾਲਾ ਸੀ। ਉਸੇ ਰਾਤ ਗੁਰੂਗਰਾਮ ਵਿੱਚ ਮਸਜਿਦ ਸਾੜ ਕੇ ਉਸ ਵਿੱਚ ਰਹਿੰਦੇ ਨਾਇਬ ਇਮਾਮ ਹਾਫਿਜ਼ ਸਾਦ ਦੀ ਹੱਤਿਆ ਕਰ ਦਿੱਤੀ ਗਈ। ਉਹ ਹਾਫਿਜ਼ ਸਾਦ, ਜਿਹੜਾ ਹਿੰਦੂ ਮੁਸਲਿਮ ਭਾਈਚਾਰੇ ਦਾ ਸੁਨੇਹਾ ਦਿੰਦਾ ਸੀ। ਉਸ ਦੀ ਗਾਈ ਗ਼ਜ਼ਲ ਦੇ ਕੁਝ ਸ਼ੇਅਰਾਂ ਦੀ ਵੀਡੀਓ ਵਾਇਰਲ ਹੋ ਰਹੀ ਹੈ:*


*ਜ਼ਾਲਮ ਹੂੰ ਇਨਸਾਨ ਬਨਾ ਦੇ ਯਾ ਅੱਲ੍ਹਾ।*
*ਘਰ ਕੀ ਦੀਵਾਰ ਹਟਾ ਦੇ ਯਾ ਅੱਲ੍ਹਾ।*
*ਹਿੰਦੂ-ਮੁਸਲਿਮ ਬੈਠ ਕਰ ਖਾਏਂ ਥਾਲੀ ਮੇਂ,*
*ਐਸਾ ਹਿੰਦੋਸਤਾਨ ਬਨਾ ਦੇ ਯਾ ਅੱਲ੍ਹਾ।*

*ਅਜਿਹਾ ਹਿੰਦੋਸਤਾਨ ਕਿਵੇਂ ਬਣੇਗਾ ਜਦੋਂ ਅਸੀਂ ਖੁਦ ਦੇਸ਼ ਦਾ ਭਵਿੱਖ ਗੌਡਸੇ ਦੇ ਪੈਰੋਕਾਰਾਂ ਦੇ ਹੱਥ ਸੌਂਪ ਦਿੱਤਾ ਹੈ। ਉਨ੍ਹਾਂ ਸਾਦ ਦੇ ਰੂਪ ਵਿੱਚ ਇੱਕ ਹੋਰ ਗਾਂਧੀ ਨੂੰ ਮਾਰ ਦਿੱਤਾ ਹੈ।*

*ਇਹ ਸਕੂਨ ਦੇਣ ਵਾਲੀ ਗੱਲ ਹੈ ਕਿ ਵਿਸ਼ਵ ਹਿੰਦੂ ਪ੍ਰੀਸ਼ਦ ਵੱਲੋਂ ਰੈਲੀਆਂ ਕਰਨ ਦੇ ਦਿੱਤੇ ਸੱਦੇ ਦਾ ਹਰਿਆਣੇ ਦੇ ਲੋਕਾਂ ਵੱਲੋਂ ਕੋਈ ਹੁੰਗਾਰਾ ਨਹੀਂ ਭਰਿਆ ਗਿਆ। ਇੱਕ ਅਗਸਤ ਨੂੰ ਸੋਹਣਾ ਦੀ ਸਾੜੀ ਗਈ ਮਸਜਿਦ ਵਿੱਚ 50 ਦੇ ਕਰੀਬ ਵਿੱਦਿਆ ਹਾਸਲ ਕਰਨ ਆਏ ਬੱਚੇ ਤੇ ਅਧਿਆਪਕ ਸਨ। ਉਹ ਅੰਦਰੂਨੀ ਕਮਰਿਆਂ ਵਿੱਚ ਲੁਕੇ ਰਹੇ ਤੇ ਦੰਗਾਕਾਰੀ ਉਨ੍ਹਾਂ ਤੱਕ ਪਹੁੰਚ ਨਾ ਸਕੇ। ਇਨ੍ਹਾਂ ਸਭ ਨੂੰ ਨੇੜਲੇ ਸਿੱਖ ਭਾਈਚਾਰੇ ਦੇ ਲੋਕਾਂ ਨੇ ਬੱਸਾਂ ਰਾਹੀਂ ਉਨ੍ਹਾਂ ਦੇ ਪਿੰਡਾਂ ਤੱਕ ਪੁਚਾਉਣ ਦਾ ਉਪਰਾਲਾ ਕੀਤਾ ਸੀ। ਇਹੋ ਜਿਹਾ ਹਿੰਦੋਸਤਾਨ ਹੀ ਚਾਹੁੰਦਾ ਸੀ ਇਮਾਮ ਹਾਫਿਜ਼ ਸਾਦ।*

**-ਚੰਦ ਫਤਿਹਪੁਰੀ**

# ਕਮਿਊਨਿਸਟ ਹੋਣਾ ਫ਼ਖ਼ਰ ਹੀ ਤਾਂ ਹੈ ! (5)



ਸੁੱਚਾ ਸਿੰਘ ਖੱਟੜਾ

ਇਸ ਸਿਰਲੇਖ ਅਧੀਨ ਲਿਖੇ ਪਹਿਲੇ ਚਾਰ ਆਰਟੀਕਲਾਂ ਵਿੱਚੋਂ ਆਖ਼ਰੀ ਭਾਵ ਚੌਥੇ ਵਿੱਚ ਮੁੱਦਾ ਸੀ ਕਿ ਦੇਸ਼-ਵਿਦੇਸ਼ ਅੰਦਰ ਉਹ ਕਿਹੜੀਆਂ ਹਕੀਕਤਾਂ ਹਨ, ਜਿਨ੍ਹਾਂ ਤੋਂ ਉਮੀਦ ਬਣੇ ਕਿ ਫ਼ਖ਼ਰ ਕਰਨਯੋਗ ਮੁੜ ਵਾਪਰਨਾ ਕਿੰਨੀ ਕੁ ਦੂਰ ਹੈ। ਆਪਣੇ ਦੇਸ਼ ਵਿੱਚ ਹੀ ਨਹੀਂ, ਦੁਨੀਆ ਦੇ ਅਨੇਕਾਂ ਦੇਸ਼ਾਂ ਦੇ ਜਨ ਸਮੂਹ ਵੋਟ ਪ੍ਰਣਾਲੀ ਰਾਹੀਂ ਪੂੰਜੀਪਤੀ ਜਮਾਤ ਤੋਂ ਰਾਜ ਸੱਤਾ ਖੋਹ ਕੇ ਲੋਕ ਪੱਖੀ, ਖੱਬੇ ਪੱਖੀ ਸਰਕਾਰਾਂ ਲਿਆਉਣ ਵਿੱਚ ਵਿਸ਼ਵਾਸ ਕਰਦੇ ਹਨ, ਕਿਉਂਕਿ ਭਾਰਤ ਵਿੱਚ ਕੇਰਲਾ ਪ੍ਰਾਂਤ ਵਿੱਚ ਉਥੋਂ ਦੇ ਲੋਕਾਂ ਨੇ ਕਮਿਊਨਿਸਟ ਪਾਰਟੀ ਦੀ ਅਗਵਾਈ ਵਿੱਚ 1957 ਵਿੱਚ ਇਹ ਕਰ ਵਿਖਾਇਆ ਸੀ, ਇਸ ਲਈ ਕਮਿਊਨਿਸਟ ਪਾਰਟੀ ਦੋ-ਫਾੜ, ਫਿਰ ਅੱਗੋਂ ਕਈ ਛਿਲਤਰ, ਗਰੁੱਪਾਂ ਦੇ ਅਲੱਗ ਹੋ ਜਾਣ ਦੇ ਬਾਵਜੂਦ ਪੱਛਮੀ ਬੰਗਾਲ ਦੇ ਲੋਕਾਂ ਨੇ ਪਹਿਲਾਂ ਕਮਿਊਨਿਸਟਾਂ ਲਈ ਗੱਠਜੋੜ ਸਰਕਾਰਾਂ ਬਣਾਈਆਂ, ਫਿਰ 1977 ਉਸ ਤੋਂ ਅਗਲੇ ਦਹਾਕੇ ਵਿੱਚ ਨਿਰੋਲ ਖੱਬੇ ਪੱਖੀ ਸਰਕਾਰ ਬਣਾਉਣ ਦਾ ਕਮਾਲ ਕਰ ਵਿਖਾਇਆ। ਪਹਿਲਾਂ 1978 ਵਿੱਚ 11 ਜਨਵਰੀ 1983 ਨੂੰ ਤ੍ਰਿਪੁਰਾ ਦੇ ਲੋਕਾਂ ਨੇ ਕਾਮਰੇਡ ਮਾਨਕ ਸਰਕਾਰ ਦੀ ਅਗਵਾਈ ਵਿੱਚ ਖੱਬੇ ਫਰੰਟ ਦੀ ਸਰਕਾਰ ਵੋਟਾਂ ਨਾਲ ਚੁਣ ਦਿੱਤੀ। ਦੋਵਾਂ ਸੂਬਿਆਂ ਵਿੱਚ ਤਿੰਨ ਦਹਾਕਿਆਂ ਤੋਂ ਵੱਧ ਸਮਾਂ ਹਕੂਮਤਾਂ ਚਲਾਉਣ ਉਪਰੰਤ ਅੱਜ ਦੀ ਸਥਿਤੀ ਉਥੇ ਕਿਹੋ ਜਿਹੀ ਵੀ ਹੋਵੇ, ਲੋਕਾਂ ਦਾ ਵੋਟਾਂ ਵਿੱਚ ਭਰੋਸਾ ਕੌਣ ਤੋੜ ਸਕਦਾ ਹੈ ? ਵੋਟਾਂ ਦੀਆਂ ਇਨ੍ਹਾਂ ਕਰਾਮਾਤਾਂ ਦਾ ਪ੍ਰਭਾਵ ਬਾਕੀ ਪ੍ਰਾਂਤਾਂ ਦੇ ਕਾਮਰੇਡਾਂ ਉੱਤੇ ਇਸ ਹੱਦ ਤੱਕ ਹੈ ਕਿ ਇੱਕ ਲੱਖ ਤੋਂ ਵੱਧ ਵੋਟਾਂ ਦੇ ਅਸੰਬਲੀ ਹਲਕੇ ਵਿੱਚ ਇੱਕ ਹਜ਼ਾਰ ਤੋਂ ਘੱਟ ਵੋਟਾਂ ਪ੍ਰਾਪਤ ਕਰਨ ਦੀ ਸਮਰੱਥਾ ਵੀ ਕਾਮਰੇਡਾ ਨੂੰ ਅਸੰਬਲੀ ਚੋਣ ਅਖਾੜੇ ਵਿੱਚ ਧੂ ਕੇ ਲੈ ਜਾਂਦੀ ਹੈ। ਹੁਣ ਕਮਿਊਨਿਸਟ ਹੋਣ ਦਾ ਫ਼ਖ਼ਰ ਇਨ੍ਹਾਂ ਹੀ ਸਥਿਤੀਆਂ ਵਿੱਚੋਂ ਬਚਾਉਣ ਦਾ ਕਾਰਜ ਕਰਨਾ ਹੈ।

ਕਿਸੇ ਵੀ ਹਾਲਤ ਵਿੱਚ ਇਹ ਭੁੱਲਣਾ ਨਹੀਂ ਹੋਵੇਗਾ ਕਿ ਸਮਾਜ ਨੇ ਵਿਕਾਸ ਦੇ ਵੱਖ-ਵੱਖ ਪੜਾਵਾਂ ਵਿੱਚ ਰਾਜਤੰਤਰ ਦੇ ਅਨੇਕਾਂ ਰੂਪ ਘੜੇ ਅਤੇ ਅੱਜ ਵੋਟ ਪ੍ਰਣਾਲੀ ਰਾਹੀਂ ਰਾਜ ਸੱਤਾ ਦਾ ਫ਼ੈਸਲਾ ਕਰਨ ਦੀ ਵਿਧੀ ਲਿਆਂਦੀ। ਰਾਜ ਸੱਤਾ ਮੁੜ-ਘਿੜ ਕੇ ਲੋਟੂ ਜਮਾਤ ਦੇ ਹੱਥ ਜਾਂਦੀ ਰਹੀ। ਕਮਿਊਨਿਸਟਾਂ ਜਾਂ ਖੱਬੇ ਪੱਖੀਆਂ ਨੂੰ ਮੌਕਾ ਮਿਲਣਾ ਅਪਵਾਦ ਹੈ। ਇਸ ਅਪਵਾਦ ਦੌਰਾਨ ਲੋਟੂ ਜਮਾਤ ਵੱਧ ਤਿਆਰੀ ਨਾਲ ਪੇਸ਼ ਆਉਂਦੀ ਹੈ। ਧਨ ਦੀ ਵਰਤੋਂ ਨਾਲ ਹਰ ਪ੍ਰਕਾਰ ਦਾ ਮੀਡੀਆ ਧਨੀ ਲੋਕਾਂ ਲਈ ਸੇਵਕ ਦੀ ਭੂਮਿਕਾ ਨਿਭਾਉਂਦਾ ਹੈ। ਬਿਨਾਂ ਸ਼ੱਕ ਸੋਸ਼ਲ ਮੀਡੀਆ ਕਮਿਊਨਿਸਟਾਂ ਲਈ ਉਮੀਦ ਦੀ ਖਿੜਕੀ ਖੋਲ੍ਹਦਾ ਹੈ, ਪਰ ਇਸ ਦੀ ਵਰਤੋਂ ਨਾਲ ਧਨਵਾਨ ਸਿਆਸੀ ਧਿਰਾਂ ਰਾਹੀਂ ਸਿਰਜੀ ਗਈ ਭਾਰੂ ਲੋਕ ਧਾਰਨਾ ਨੂੰ ਮਾਤ ਪਾਉਣ ਲਈ ਬਹੁਦਿਸ਼ਾਵੀ ਗਿਆਨ ਦੀ ਲੋੜ ਹੈ। ਸਭ ਤੋਂ ਪਹਿਲਾਂ ਇਹ ਘਾਟ ਪੂਰੀ ਕਰਦਿਆਂ ਇਸ ਮੋਰਚੇ ਉੱਤੇ ਮਜ਼ਬੂਤ ਕਿਲ੍ਹਾਬੰਦੀ ਕਰਨੀ ਪਏਗੀ। ਹੋਰ ਕਾਰਜਾਂ ਤੋਂ ਇਲਾਵਾ ਪਾਰਟੀ ਦੇ ਅਖ਼ਬਾਰ ਅਤੇ ਰਸਾਲਿਆ ਦੀ ਛਪਣ ਗਿਣਤੀ ਵਧਾਉਣ, ਉਨ੍ਹਾ ਨੂੰ ਪੜ੍ਹਨ, ਪੜ੍ਹਿਆ ਵਿਚਾਰਨ, ਅਤੇ ਲਿਖਤਾਂ 'ਤੇ ਮੋੜਵੇ ਸੁਝਾਅ ਭੇਜਣ ਦੇ ਕਾਰਜ ਕਰਨੇ ਪੈਣਗੇ। ਬਦਲਾਅ ਹਵਾ ਵਿੱਚੋਂ ਨਹੀਂ, ਕਾਮਰੇਡਾਂ ਦੇ ਗਿਆਨ ਅਤੇ ਅਮਲ ਦੇ ਮਿਆਰ ਦੇ ਅਨੁਪਾਤ ਵਿੱਚ ਹੋਣਾ ਹੈ।

ਅਜ਼ਾਦੀ ਉਪਰੰਤ 1957 (ਕੇਰਲਾ) ਇਸ ਉਪਰੰਤ ਪੱਛਮੀ ਬੰਗਾਲ ਅਤੇ ਤ੍ਰਿਪੁਰਾ ਦੇ ਅਨੁਭਵਾਂ ਤੋਂ ਧਾਰਨਾ ਬਣੀ ਸੀ ਕਿ ਸੂਬਿਆਂ ਤੋਂ ਦੂਜੇ ਸੂਬਿਆਂ ਅਤੇ ਕੇਂਦਰੀ ਸਰਕਾਰ ਵਿੱਚ ਪ੍ਰਭਾਵ ਵਧਾਇਆ ਜਾ ਸਕਦਾ ਹੈ, ਪਰ ਸੂਬਿਆਂ ਦੇ ਅਧਿਕਾਰਾਂ ਉੱਤੇ ਕੇਂਦਰ ਦੀਆਂ ਸਰਕਾਰਾਂ ਵੱਲੋਂ ਹਮਲੇ ਅਤੇ ਇੱਕ-ਇੱਕ ਕਰਕੇ ਰਾਜਾਂ ਦੇ ਅਧਿਕਾਰਾਂ ਨੂੰ ਸਮਵਰਤੀ ਸੂਚੀ ਵਿੱਚ ਸ਼ਾਮਲ ਕਰਦੇ ਜਾਣ ਨਾਲ ਸੂਬਾ ਸਰਕਾਰਾਂ ਗ੍ਰਾਮ ਪੰਚਾਇਤਾਂ ਬਣ ਕੇ ਰਹਿ ਗਈਆਂ ਹਨ। ਖੱਬੇ ਪੱਖੀ ਸਰਕਾਰਾਂ ਦੇ ਢਹਿ-ਢੇਰੀ ਹੋਣ ਦਾ ਵੱਡਾ ਕਾਰਨ ਇਹੀ ਰਿਹਾ ਹੈ। ਸੋਸ਼ਲ ਮੀਡੀਆ ਦੀ ਉਸ ਸਮੇਂ ਅਣਹੋਂਦ ਅਤੇ ਪਾਰਟੀ ਸਫ਼ਾਂ ਦੀ ਅਗਿਆਨਤਾ ਨੇ ਧਨਵਾਨਾਂ ਦਾ ਰਾਹ ਪੱਧਰਾ ਕਰ ਰੱਖਿਆ ਸੀ। ਵਰਨਾ ਗੂਗਲ ਉਤੇ ਦੇਸ਼ ਦਾ ਸਭ ਤੋਂ ਇਮਾਨਦਾਰ ਮੁੱਖ ਮੰਤਰੀ ਪੁੱਛਣ ਉੱਤੇ ਗੂਗਲ ਉਤੇ ਕਾਮਰੇਡ ਮਾਨਕ ਸਰਕਾਰ (ਤ੍ਰਿਪੁਰਾ) ਦਾ ਨਾਂਅ ਹੀ ਚਮਕਦਾ ਹੈ। ਦੇਸ਼ ਦੇ ਸੂਬਿਆਂ ਦੇ ਹੁਣ ਤੱਕ 200 ਤੋਂ ਵੱਧ ਮੁੱਖ ਮੰਤਰੀ ਹੋ ਚੁੱਕੇ ਹੋਣਗੇ। ਇਸ ਤੋਂ ਅਗਲਾ ਨਾਂਅ ਜੋਤੀ ਬਾਸੂ ਹੀ ਹੋਵੇਗਾ। ਫਿਰ ਵੀ ਧਨਵਾਨਾਂ ਨੇ ਉਖਾੜ ਸੁੱਟੇ।

ਭਾਜਪਾ ਜਦੋਂ ਤੱਕ ਗਠਬੰਧਨਾਂ ਦੇ ਸਹਾਰੇ ਸੀ, ਉਸ ਨੇ ਅਯੁੱਧਿਆ ਦਾ ਰਾਮ ਮੰਦਰ, ਜੰਮੂ ਕਸ਼ਮੀਰ ਦੀ ਧਾਰਾ 370 ਅਤੇ ਸਾਂਝਾ ਸਿਵਲ ਕੋਡ ਪਿੱਛੇ ਰੱਖ ਛੱਡੇ। ਇਧਰ ਸਾਡੇ ਕਾਮਰੇਡ ਜਨ-ਸਧਾਰਨ ਨਾਲ ਗੱਲ ਹੀ ਇਨਕਲਾਬ ਤੋਂ ਸ਼ੁਰੂ ਕਰਦੇ ਹਨ। ਜਿਵੇਂ ਵਿਚਕਾਰ ਕੋਈ ਸਥਿਤੀ ਹੀ ਨਹੀਂ ਹੁੰਦੀ। ਜਿਉਂ ਹੀ ਸੰਪੂਰਨ ਬਹੁਮਤ ਮਿਲਿਆ। ਇੱਕ-ਇੱਕ ਕਰਕੇ ਤਿੰਨੋਂ ਮੁੱਦੇ ਅਮਲ ਵਿੱਚ ਲਿਆਂਦੇ। ਕਮਿਊਨਿਸਟਾਂ ਨੂੰ ਵੀ ਵਰਤਮਾਨ ਸਥਿਤੀਆਂ ਵਿੱਚ ਉਸ ਘੱਟ ਤੋਂ ਘੱਟ ਦੀ ਤਲਾਸ਼ ਕਰਨੀ ਪਏਗੀ, ਜੋ ਜਨਤਾ ਦੇ ਵੱਡੇ ਸਮੂਹਾਂ ਦੀ ਪਹਿਲੀ ਲੋੜ ਅਤੇ ਕਮਿਊਨਿਸਟਾਂ ਦੀ ਸ਼ਕਤੀ ਅਨੁਸਾਰ ਤਹਿ ਕਰਾਉਣਾ ਸੰਭਵ ਹੋਵੇ। ਅੱਜ ਕਮਿਊਨਿਸਟਾਂ ਦੀ ਕੇਂਦਰੀ ਲੀਡਰਸ਼ਿਪ ਲਈ ਵੱਡੀ ਚੁਣੌਤੀ ਇਹ ਹੈ ਕਿ ਉਨ੍ਹਾ ਕੇਂਦਰ ਵਿੱਚ ਅਜਿਹੀ ਭੂਮਿਕਾ ਨਿਭਾਉਣੀ ਹੈ, ਜਿਸ ਨਾਲ ਸੂਬਾਈ ਇਕਾਈਆਂ ਵਿੱਚ ਲਹੂ ਦਾ ਸੰਚਾਰ ਹੋਵੇ ਅਤੇ ਦੇਸ਼ ਦੀ ਜਨਤਾ ਸਾਹਮਣੇ ਖੱਬੀ ਧਿਰ ਦੀ ਪਹਿਚਾਣ ਉੱਘੜਵੀਂ ਬਣੀ ਰਹੇ। ਗਠਬੰਧਨਾਂ ਵਿੱਚ ਕਮਜ਼ੋਰ ਧਿਰਾਂ ਭਾਰੂ ਧਿਰ ਦੀਆਂ ਸੇਵਕ ਬਣ ਕੇ ਰਹਿ ਜਾਂਦੀਆਂ ਹਨ। ਪੰਜਾਬ ਸਮੇਤ ਅਨੇਕਾਂ ਸੂਬਿਆਂ ਵਿੱਚ ਸੱਤਾ ਦੀਆਂ ਭਾਈਵਾਲ ਬਣ ਕੇ ਕਾਮਰੇਡਾਂ ਨੂੰ ਇਹੀ ਭੂਮਿਕਾ ਨਿਭਾਉਣੀ ਪਈ ਹੈ। ਵਿਲੱਖਣਤਾਵਾਂ ਲੱਭ ਕੇ ਕਾਇਮ ਰੱਖਣੀਆਂ ਹੋਣਗੀਆਂ ਜਿਹੜੀਆਂ ਲੋਕਾਂ ਦੀਆਂ ਯਾਦਾਂ ਦਾ ਹਿੱਸਾ ਬਣ ਜਾਣ। ਇਹ ਤਾਂ ਹੀ ਸੰਭਵ ਹੈ ਜੇਕਰ ਜਨਤਾ ਲਈ ਲਾਭਕਾਰੀ ਮੁੱਦਾ ਸਾਂਝੇ ਗੱਠਜੋੜ ਵਿੱਚ ਉਭਾਰਿਆ ਜਾਵੇ, ਫਿਰ ਉਸ ਦੀ ਪ੍ਰਾਪਤੀ ਕਮਿਊਨਿਸਟਾਂ ਦੀ ਪਾਰਲੀਮੈਂਟ ਜਾਂ ਵਿਧਾਨ ਸਭਾ ਦੀ ਪੱਧਰ ਉਤੇ ਕਾਰਗੁਜ਼ਾਰੀ ਉੱਤੇ ਨਾ ਛੱਡ ਕੇ ਜਨਤਾ ਵਿੱਚ ਲੋਕਮੱਤ ਉਭਾਰਿਆ ਜਾਵੇ, ਤਾਂ ਕਿ ਉਸ ਉਭਾਰੇ ਜਾਂ ਉਠਾਏ ਮੁੱਦੇ ਨਾਲ ਖੱਬੀ ਧਿਰ ਦਾ ਨਾਂਅ ਜੁੜ ਸਕੇ।

2024 ਵਿੱਚ ਲੋਕ ਸਭਾ ਚੋਣਾਂ ਹਨ। ਇਸ ਸਮੇਂ ਆਈ ਐੱਨ ਡੀ ਆਈ ਏ (ਇੰਡੀਆ) ਦਾ ਖੱਬੇ ਪੱਖੀ ਹਿੱਸਾ ਹਨ। ਭਾਜਪਾ ਵਿਰੁੱਧ ਸਿਰਧੜ ਦੀ ਬਾਜ਼ੀ ਹੈ। ਸਪੱਸ਼ਟ ਹੈ ਕਿ 'ਇੰਡੀਆ' ਗਠਬੰਧਨ ਵਿੱਚ ਅਗਵਾਈ ਕਾਂਗਰਸ ਕੋਲ ਰਹੇਗੀ। ਕਾਂਗਰਸ ਵਿੱਚ ਵੀ ਆਰਥਿਕ ਦਿਸ਼ਾ ਰਾਹੁਲ ਗਾਂਧੀ ਤਹਿ ਕਰਦਾ ਪ੍ਰਤੀਤ ਹੋ ਰਿਹਾ ਹੈ। ਜੇਕਰ ਕਾਂਗਰਸ ਪ੍ਰਧਾਨ ਖੜਗੇ ਨੂੰ ਦੇਸ਼ ਦੇ ਪ੍ਰਧਾਨ ਮੰਤਰੀ ਵਜੋਂ ਐਲਾਨਿਆ ਭਾਵੇਂ ਨਾ ਜਾਵੇ, ਪਰ ਇਸ ਦਿਸ਼ਾ ਵਿੱਚ ਮੁੱਦਾ ਕੰਨਸੋਆਂ ਤੱਕ ਸੀਮਤ ਰੱਖ ਲਿਆ ਜਾਵੇ ਤਾਂ ਇੱਕ ਪਾਸੇ ਇੰਡੀਆ ਗਠਬੰਧਨ ਨੂੰ ਚੁਣਾਵੀ ਲਾਭ ਪ੍ਰਾਪਤ ਹੋਵੇਗਾ ਅਤੇ ਦੂਜੇ ਪਾਸੇ ਰਾਹੁਲ ਗਾਂਧੀ ਲਈ ਆਰਥਿਕ ਮੋਰਚੇ ਉੱਤੇ ਹੋਰ ਖੱਬੇ ਪਾਸੇ ਸਰਕਣਾ ਸੰਭਵ ਹੋ ਜਾਵੇਗਾ। ਇੱਥੇ ਕਮਿਊਨਿਸਟਾਂ ਨੂੰ ਮਹੱਤਵਪੂਰਨ ਭੂਮਿਕਾ ਨਿਭਾਉਣ ਦਾ ਮੌਕਾ ਮਿਲ ਸਕਦਾ ਹੈ।

ਜੇਕਰ ਇੰਡੀਆ ਨਾਂਅ ਦੇ ਗਠਬੰਧਨ ਨੂੰ 2024 ਦੀ ਲੋਕ ਸਭਾ ਚੋਣ ਵਿੱਚ ਸਫ਼ਲਤਾ ਮਿਲਦੀ ਹੈ ਤਾਂ ਪਹਿਲਾ ਕੰਮ ਨਿੱਜੀ ਹੱਥਾਂ ਵਿੱਚ ਦਿੱਤੇ ਪਬਲਿਕ ਸੈਕਟਰ ਦੇ ਅਦਾਰਿਆਂ ਨੂੰ ਮੁੜ ਪਬਲਿਕ ਸੈਕਟਰ ਵਿੱਚ ਲਿਆਉਣਾ ਹੋਵੇਗਾ। ਆਰਥਿਕ ਢਾਂਚੇ ਨੂੰ ਰੁਜ਼ਗਾਰ ਮੁਖੀ ਬਣਾਉਣ ਲਈ ਜ਼ਰੂਰੀ ਹੈ ਕਿ ਇੱਕ ਪਾਸੇ ਪਬਲਿਕ ਸੈਕਟਰ ਨੂੰ ਪੂਰੀ ਸਮਰੱਥਾ ਵਿੱਚ ਲਿਆਉਣ ਅਤੇ ਕਾਇਮ ਰੱਖਣ ਲਈ ਕੋਈ ਮਾਹਰਾਂ ਦਾ ਗਰੁੱਪ ਗਠਿਤ ਕਰਕੇ ਉਸ ਤੋਂ ਸਮਾਂਬੱਧ ਸੁਝਾਅ ਪ੍ਰਾਪਤ ਕਰਕੇ ਇਮਾਨਦਾਰੀ ਨਾਲ ਅਮਲ ਕਰਾਉਣ ਲਈ ਪਹਿਰਾਬੰਦੀ ਕੀਤੀ ਜਾਵੇ। ਇਸ ਦੇ ਨਾਲ ਹੀ ਜੁੜਵਾਂ ਹੈ ਕਿ ਹਰ ਕਾਰੋਬਾਰ ਅੱਜ ਦੇ ਕੰਪਿਊਟਰ ਯੁੱਗ ਦੀ ਤਕਨੀਕ ਦੇ ਸਹਾਰੇ ਪਾਰਦਰਸ਼ੀ ਬਣਾ ਕੇ ਹਰ ਕਾਰੋਬਾਰ ਵਿੱਚ ਕੰਮ ਕਰਦੇ ਕਰਮਚਾਰੀਆਂ ਦੀ ਘੱਟੋ-ਘੱਟ ਤਨਖ਼ਾਹ ਅਤੇ ਘੱਟੋ-ਘੱਟ ਪੈਨਸ਼ਨ ਨਿਸ਼ਚਿਤ ਕੀਤੀ ਜਾਵੇ। ਪ੍ਰਾਈਵੇਟ ਸਿੱਖਿਆ ਸੰਸਥਾਵਾਂ, ਵਪਾਰਕ ਵੱਡੇ-ਛੋਟੇ ਕਾਰੋਬਾਰ, ਛੋਟੇ-ਵੱਡੇ ਉਤਪਾਦਨ ਕਾਰਖਾਨੇ ਸਭ ਕਿਸਮ ਅਤੇ ਸਭ ਪੱਧਰਾਂ ਦੇ ਅਧਾਰ ਇਸ ਵਲਗਣ ਵਿੱਚ ਲਿਆਂਦੇ ਜਾਣ ਨਾਲ ਹੀ ਕਿਰਤੀਆਂ ਦਾ ਸ਼ੋਸ਼ਣ ਰੁਕ ਸਕਦਾ ਹੈ ਅਤੇ ਸਮਾਜਿਕ ਸੁਰੱਖਿਆ ਸੰਭਵ ਹੋ ਸਕਦੀ ਹੈ। ਕਿਸਾਨੀ ਜਿਣਸਾਂ ਦੇ ਘੱਟੋ-ਘੱਟ ਖ਼ਰੀਦ ਮੁੱਲ ਨੂੰ ਕਾਨੂੰਨੀ ਮਾਨਤਾ ਦਿੱਤੇ ਜਾਣ ਦਾ ਸਮਾਂ ਆ ਗਿਆ ਹੈ। ਲੋਕਰਾਜੀ ਸੰਸਥਾਵਾਂ ਚੋਣ ਕਮਿਸ਼ਨ ਤੋਂ ਈ ਡੀ ਤੱਕ ਨੂੰ ਅਜਿਹੇ ਪੱਕੇ ਪੈਰੀਂ ਖੜਾ ਕੀਤਾ ਜਾਵੇ ਕਿ ਇਨ੍ਹਾਂ ਨੂੰ ਸੁਤੰਤਰ ਹੋ ਕੇ ਕੰਮ ਕਰਨ ਦਾ ਮੌਕਾ ਮਿਲੇ। ਸਰਕਾਰਾਂ ਬਣਦੀਆਂ, ਆਉਂਦੀਆਂ-ਜਾਂਦੀਆਂ ਰਹਿੰਦੀਆਂ ਹਨ, ਪਰ ਇਹ ਲੋਕਰਾਜੀ ਸੰਸਥਾਵਾਂ ਲੋਕਰਾਜ ਦੇ ਸਥਾਈ ਥੰਮ੍ਹ ਹੁੰਦੀਆਂ ਹਨ। ਇਨ੍ਹਾਂ ਦੀ ਹੋਂਦ ਲੋਕ ਰਾਜ ਨੂੰ ਪਾਰਦਰਸ਼ਤਾ ਅਤੇ ਲਗਾਤਾਰਤਾ ਦਿੰਦੀ ਹੈ। ਰਾਹੁਲ ਗਾਂਧੀ ਵੱਲੋਂ ਫੈਡਰਲਿਜ਼ਮ (ਕੇਂਦਰ-ਸੂਬਿਆਂ ਦੇ ਅਧਿਕਾਰ) ਲੋਕਰਾਜੀ ਸੰਸਥਾਵਾਂ ਦੀ ਸੁਤੰਤਰਤਾ, ਪਬਲਿਕ ਸੈਕਟਰ ਦੀ ਵਕਾਲਤ, ਹਿੰਦੂਤਵ ਦੀ ਥਾਂ ਭਾਈਚਾਰਕ ਭਾਵਨਾ ਉਤੇ ਜ਼ੋਰ 2024 ਦੀ ਲੋਕ ਸਭਾ ਚੋਣ ਦੇ ਸਾਂਝੇ ਮੁੱਦੇ ਬਣਨੇ ਚਾਹੀਦੇ ਹਨ। ਸੱਤਾ ਪ੍ਰਾਪਤੀ ਉਪਰੰਤ ਇਹੀ ਮੁੱਦੇ ਅਗਲੀ ਸਰਕਾਰ ਲਈ ਮੁੱਖ ਏਜੰਡੇ ਦੇ ਰੂਪ ਵਿੱਚ ਲਿਆਉਣੇ ਪੈਣਗੇ।

ਕਮਿਊਨਿਸਟਾਂ ਅਤੇ ਖੱਬੀਆਂ ਧਿਰਾਂ ਨੂੰ 'ਇੰਡੀਆ' ਦੇ ਸਾਂਝੇ ਏਜੰਡੇ ਤੋਂ ਵੱਖਰਾ ਏਜੰਡਾ ਵੀ ਬਣਾ ਕੇ ਦੇਸ਼ ਦੇ ਸਾਹਮਣੇ ਰੱਖਣਾ ਚਾਹੀਦਾ ਹੈ। ਇਹ ਏਜੰਡਾ ਅਜ਼ਾਦਾਨਾ ਸੰਘਰਸ਼ਾਂ ਦਾ ਅਧਾਰ ਬਣਾ ਕੇ ਪਾਰਟੀ ਸਫ਼ਾਂ ਅਤੇ ਜਨ ਸਮੂਹਾਂ ਨੂੰ ਸਰਗਰਮ ਰੱਖਣ ਵਿੱਚ ਸਹਾਈ ਹੋਵੇਗਾ। ਵੇਖਿਆ ਗਿਆ ਹੈ ਕਿ ਸਰਕਾਰਾਂ ਦੇ ਭਾਈਵਾਲ ਜਾਂ ਬਾਹਰੋਂ ਹਮਾਇਤੀ ਬਣ ਕੇ ਕਮਿਊਨਿਸਟ ਅਤੇ ਖੱਬੇ ਪੱਖੀ ਸੰਘਰਸ਼ ਕਰਨਾ ਵਿਸਾਰ ਦਿੰਦੇ ਰਹੇ ਹਨ। ਇਸ ਦਾ ਖਮਿਆਜ਼ਾ ਭੁਗਤਿਆ ਜਾ ਰਿਹਾ ਹੈ। ਕਮਿਊਨਿਸਟਾਂ ਨੂੰ ਸੱਤਾ ਕਦੋਂ ਮਿਲਣੀ, ਇਸ ਤੋਂ ਵੱਧ ਜ਼ਰੂਰੀ ਹੈ ਕਿ ਕਮਿਊਨਿਸਟ ਦਿਸ਼ਾ ਹੀ ਦੇਸ਼ ਦੀ ਰਾਜਨੀਤੀ ਦੀ ਦਿਸ਼ਾ ਬਣਦੀ ਅਤੇ ਮਕਬੂਲ ਹੁੰਦੀ ਦਿਸਦੀ ਹੈ, ਇਸ ਉੱਤੇ ਫ਼ਖ਼ਰ ਕਿਉਂ ਨਾ ਹੋਵੇ ?

*(ਸਮਾਪਤ)*

*# ਸੰਪਰਕ : 94176-52947*

# ਸੁਨੀਲ ਜਾਖੜ ਲਈ ਪੰਜਾਬ ਮਾਰਗ ਆਸਾਨ ਨਹੀਂ



ਜਗੀਰ ਸਿੰਘ ਜਗਤਾਰ

ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਸਿਖਰਲੀ ਲੀਡਰਸ਼ਿਪ, ਖਾਸ ਕਰਕੇ ਮੌਜੂਦਾ ਕੇਂਦਰੀ ਸਰਕਾਰ ਦੇ ਮੁਖੀ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ, ਪੰਜਾਬ ਨੂੰ ਆਪਣੀ ਮੁੱਠੀ ਵਿਚ ਕਰਨਾ ਚਾਹੁੰਦੀ ਹੈ। ਇਸ ਸਰਕਾਰ ਨੂੰ ਧਨਕੁਬੇਰਾਂ, ਬਹੁਪੱਖੀ ਕਾਰਪੋਰੇਸ਼ਨਾਂ ਤੇ ਸਾਮਰਾਜ ਪੱਖੀ ਨੀਤੀਆਂ ਦੇ ਰਾਹ ਵਿਚ ਅੜਿੱਕਾ ਸਮਝਦੇ ਹਨ। ਉਹਨਾਂ ਨੂੰ ਲੰਬੇ ਕਿਸਾਨ ਘੋਲ ਨਾਲ ਤਿੰਨ ਖੇਤੀ ਕਾਨੂੰਨ ਵਾਪਸ ਲੈਣ ਦੇ ਨਾਲ ਇਸ ਅੰਦੋਲਨ ਕਾਰਨ ਦੇਸ਼ ਭਰ ਦੇ ਕਿਸਾਨਾਂ ਵਿਚ ਸੰਘਰਸ਼ ਦੀ ਗਈ ਚਿਣਗ ਉਪਰਾਮ ਕਰ ਰਹੀ ਹੈ। ਇਹ ਵੀ ਵੇਖ ਲਿਆ ਹੈ ਪੰਜਾਬ ਵਿਚ ਪੰਜ ਵਾਰ ਮੁੱਖ ਮੰਤਰੀ ਬਣੇ ਉਸ ਦੇ ਭਿਆਲਾਂ ਨੂੰ ਚੇਤਨ ਹੋਏ ਪੰਜਾਬੀਆਂ ਨੇ ਪਟਕੀ ਦੇ ਦਿੱਤੀ ਹੈ। ਇਸ ਲਈ ਪੰਜਾਬ ਨੂੰ ਆਪਣੇ ਲੀਹ ਚੜ੍ਹਾਉਣ ਲਈ ਕਈ ਪੱਖਾਂ ਤੋਂ ਮੁਹਿੰਮ ਚਲਾਈ ਹੈ।

ਇੱਕ ਪਾਸੇ ਪਾਰਟੀ ਪੱਧਰ 'ਤੇ ਰਾਜਸੀ ਸਰਗਰਮੀਆਂ ਵਧਾ ਕੇ ਸਾਰੀਆਂ ਸੀਟਾਂ 'ਤੇ ਚੋਣ ਲੜ ਸਰਕਾਰ ਬਣਾਉਣ ਦਾ ਐਲਾਨ ਕੀਤਾ। ਸਰਕਾਰੀ ਪੱਧਰੀ 'ਤੇ ਪੰਜਾਬ ਦੀ ਪ੍ਰਤੀਨਿਧਤਾ ਡੈਮਾਂ ਆਦਿ ਤੋਂ ਖਤਮ ਕਰਨ, ਚੰਡੀਗੜ੍ਹ ਦੇ ਪ੍ਰਬੰਧ ਵਿਚ ਸਾਰੇ ਅਧਿਕਾਰ ਕੇਂਦਰ ਦੇ ਹੱਥ ਲੈਣ ਦਾ ਅਮਲ ਸ਼ੁਰੂ ਕੀਤਾ ਹੋਇਆ ਹੈ। ਇੱਥੇ ਭਾਜਪਾ ਦੀਆਂ ਪੰਜਾਬ ਵਿਚਲੀਆਂ ਸਰਗਰਮੀਆਂ 'ਤੇ ਨਿਗਾਹ ਮਾਰਦੇ ਹਾਂ, ਜਿਨ੍ਹਾਂ ਪਿੰਡਾਂ ਤੱਕ ਆਪਣੀ ਆਵਾਜ਼ ਪਹੁੰਚਾਉਣ ਲਈ ਦੂਜੀਆਂ ਪਾਰਟੀਆਂ ਦੇ ਆਗੂਆਂ ਤੋਂ ਦਲਬਦਲੀ ਕਰਵਾ ਕੇ ਉਹਨਾਂ ਨੂੰ ਭਗਵੇਂ ਦਾ ਹਿੱਸਾ ਬਣਾਇਆ ਹੈ। ਇਸ ਮੁਹਿੰਮ ਦੀ ਕੜੀ ਤੋਂ ਨਾਮਵਰ ਜਾਖੜ ਪਰਵਾਰ ਦੇ ਸੁਨੀਲ ਜਾਖੜ ਨੂੰ ਪੰਜਾਬ ਭਾਜਪਾ ਦਾ ਪ੍ਰਧਾਨ ਬਣਾ ਕੇ ਇਸ ਸੂਬੇ ਵਿਚ ਭਗਵਾਂ ਪਾਰਟੀ ਦੇ ਪੈਰ ਜਮਾਉਣ ਦੀ ਮੁਹਿੰਮ ਸ਼ੁਰੂ ਕੀਤੀ ਹੈ। ਉਹ ਆਪਣਾ ਟੀਚਾ ਲੋਕਾਂ ਦੇ ਦਿਲ ਜਿੱਤਣਾ ਦੱਸ ਕੇ, ਸਾਰੀ ਰਣਨੀਤੀ ਉਸ ਅਨੁਸਾਰ ਬਣਾਉਣ ਦਾ ਪ੍ਰਗਟਾਵਾ ਕਰ ਰਹੇ ਹਨ। ਉਹ ਇਹ ਅਨੁਭਵ ਕਰ ਰਹੇ ਕਿ ਭਾਜਪਾ ਦੀ ਪਿੰਡਾਂ ਵਿਚ ਪਹੁੰਚ ਨਾ ਹੋਣ ਦੇ ਬਰਾਬਰ ਹੈ। ਇਸ ਦਾ ਕਾਰਨ ਉਹ ਭਾਜਪਾ ਦੀ ਅਕਾਲੀ ਦਲ ਨਾਲ ਸਾਂਝ ਨੂੰ ਵੇਖਦੇ ਹਨ। ਜਿਸ ਤਹਿਤ ਸ੍ਰੀ ਪ੍ਰਕਾਸ਼ ਸਿੰਘ ਬਾਦਲ ਕਹਿ ਦਿੰਦੇ ਸਨ ਕਿ ਪਿੰਡਾਂ ਦੀ ਗੱਲ ਉਹਨਾਂ 'ਤੇ ਛੱਡੋ। ਉਸ ਕਾਰਨ ਪਿੰਡਾਂ ਵਿਚ ਭਾਜਪਾ ਨਹੀਂ ਜਾ ਸਕੀ, ਹੁਣ ਸਿੱਧੀ ਪਹੁੰਚ ਕਰਨ ਦਾ ਯਤਨ ਕੀਤਾ ਜਾਵੇਗਾ। ਲੋਕਾਂ ਦੇ ਵਿਚਾਰ ਅਤੇ ਉਹਨਾਂ ਦੀਆਂ ਸਮੱਸਿਆਵਾਂ ਜਾਣੀਆਂ ਜਾਣਗੀਆਂ। ਉਹਨਾਂ ਦੀ ਧਾਰਨਾ ਹੈ ਕਿ ਜੇ ਲੋਕਾਂ ਦੇ ਦਿਲ ਜਿੱਤ ਲਏ ਤਾਂ ਸੀਟਾਂ ਵੀ ਜਿੱਤੀਆਂ ਜਾਣਗੀਆਂ। ਉਹ ਦਾਅਵਾ ਕਰਦੇ ਹਨ ਕਿ ਮੈਂ ਜਿੱਥੇ ਪਹਿਲਾਂ ਖੜ੍ਹਾ ਸੀ, ਉੱਥੇ ਹੀ ਹਾਂ, ਮੇਰੀ ਸੋਚ ਨਹੀਂ ਬਦਲੀ। ਇਹ ਇਸ ਗੱਲ ਦਾ ਸੰਕੇਤ ਹੈ ਕਿ ਪੰਜਾਬ ਦੇ ਭਾਵੁਕ ਮਸਲਿਆਂ ਨੂੰ ਖੁੱਲ੍ਹਦਿਲੀ ਨਾਲ ਲਿਆ ਜਾਵੇਗਾ।

ਚੰਡੀਗੜ੍ਹ ਦੇ ਸਵਾਲ 'ਤੇ ਜਾਖੜ ਨੇ ਕਿਹਾ ਕਿ ਉਹ ਪੰਜਾਬ ਦਾ ਹੈ ਤੇ ਇਸ ਦੀ ਇੱਕ ਇੰਚ ਜ਼ਮੀਨ ਵੀ ਨਹੀਂ ਜਾਣ ਦਿੱਤੀ ਜਾਵੇਗੀ, ਪਰ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਪ੍ਰਬੰਧ ਵਿਚ ਪੰਜਾਬ ਦੇ ਖਤਮ ਕੀਤੇ ਅਧਿਕਾਰਾਂ ਦੀ ਬਹਾਲੀ ਲਈ ਕੀ ਕੀਤਾ ਜਾਂਦਾ ਹੈ, ਇਹ ਸਮਾਂ ਦੱਸੇਗਾ। ਪਿੰਡਾਂ ਵਿਚ ਜਾਣ ਦਾ ਭਾਵ ਹੈ ਕਿ ਕਿਸਾਨਾਂ, ਖੇਤ ਮਜ਼ਦੂਰਾਂ ਤੇ ਹੋਰ ਪੇਂਡੂ ਮਿਹਨਤਕਸ਼ਾਂ ਤੋਂ ਵੋਟਾਂ ਲੈਣਾ। ਅਜਿਹਾ ਕਰਨ ਲਈ ਉਹਨਾਂ ਦੀਆਂ ਮੰਗਾਂ-ਉਮੰਗਾਂ ਨੂੰ ਪੂਰਾ ਕਰਨਾ ਪਵੇਗਾ। ਇਸ ਪਰਥਾਏ ਪਹਿਲੇ ਕਦਮ ਵਜੋਂ ਕੇਂਦਰੀ ਸਰਕਾਰ ਨੇ ਕਿਸਾਨ ਸੰਘਰਸ਼ ਦੀ ਵਾਪਸੀ ਸਮੇਂ ਜੋ ਰਹਿੰਦੀਆਂ ਮੰਗਾਂ ਪੂਰੀਆਂ ਕਰਨ ਦਾ ਲਿਖਤੀ ਵਾਅਦਾ ਕੀਤਾ ਸੀ, ਉਹ ਪੂਰਾ ਹੋਵੇ। ਸਰਕਾਰ ਵੱਲੋਂ ਫਸਲਾਂ ਦੇ ਜੋ ਘੱਟੋ-ਘੱਟ ਭਾਅ ਨਿਰਧਾਰਤ ਕੀਤੇ ਜਾਂਦੇ ਹਨ, ਉਹਨਾਂ ਦੇ ਮਿਲਣ ਦੀ ਗਰੰਟੀ ਹੋਵੇ। ਇਸ ਸਮੇਂ ਕਣਕ ਅਤੇ ਝੋਨੇ ਦਾ ਪੂਰਾ ਭਾਅ ਦੇਣ ਵਿਚ ਵੀ ਹੀਲ ਹੁਜਤ ਕੀਤੀ ਜਾਂਦੀ ਹੈ। ਕਿਸਾਨਾਂ ਦੀ ਇਹ ਵੀ ਮੰਗ ਹੈ ਕਿ ਘੱਟੋ-ਘੱਟ ਭਾਅ ਸਵਾਮੀਨਾਥਨ ਕਮਿਸ਼ਨ ਦੀ ਸਿਫਾਰਸ਼ ਅਨੁਸਾਰੀ ਹੋਵੇ।

ਪੰਜਾਬ ਦੇ ਕਿਸਾਨ ਅਤੇ ਖੇਤ ਮਜ਼ਦੂਰ ਜੋ ਪਿੰਡਾਂ ਦੀ ਮੁੱਖ ਵਸੋਂ ਹੈ, ਇਸ ਸਮੇਂ ਭਾਰੀ ਕਰਜ਼ੇ ਹੇਠ ਹੈ। ਉਨ੍ਹਾਂ ਦੀ ਮੰਗ ਹੈ ਕਿ ਸਰਕਾਰੀ ਤੇ ਬੈਂਕਾਂ ਦੇ ਕਰਜ਼ੇ 'ਤੇ ਲੀਕ ਫੇਰੀ ਜਾਏ, ਨਿੱਜੀ ਕਰਜ਼ਿਆਂ ਦੇ ਨਿਪਟਾਰੇ ਲਈ ਸਰਕਾਰ ਸਹਾਇਤਾ ਦੇਵੇ। ਇਸ ਮੰਗ ਦੀ ਪੂਰਤੀ ਲਈ ਜੋ ਰਕਮ ਲੱਗੇਗੀ, ਉਹ ਧਨਕੁਬੇਰਾਂ ਦੇ ਕਰਜ਼ਿਆਂ 'ਤੇ ਬੈਂਕਾਂ ਵੱਲੋਂ ਫੇਰੀ ਜਾਂਦੀ ਲੀਕ ਦਾ ਪਾਸਕੂ ਵੀ ਨਹੀਂ ਬਣਦੀ। ਇਸ ਦੇ ਬਾਵਜੂਦ ਕੇਂਦਰੀ ਸਰਕਾਰ ਨੇ ਇਸ ਮੰਗ ਦੀ ਅਣਦੇਖੀ ਕੀਤੀ ਹੈ। ਇਹ ਅਤੇ ਪੇਂਡੂ ਵਸੋਂ ਨਾਲ ਸੰਬੰਧਤ ਅਜਿਹੀਆਂ ਹੋਰ ਮੰਗਾਂ ਦੀ ਪੂਰਤੀ ਬਿਨਾਂ ਪੇਂਡੂ ਵੋਟਰਾਂ ਨੂੰ ਪ੍ਰਭਾਵਿਤ ਕਰਨਾ ਮੁਸ਼ਕਲ ਹੈ। ਦਹਾਕਿਆਂ ਤੋਂ ਸਰਕਾਰਾਂ ਦੇ ਵਾਅਦਿਆਂ ਤੇ ਲਾਰਿਆਂ ਦਾ ਕੱਚ-ਸੱਚ ਵੇਖਦੇ ਆ ਰਹੇ ਹਨ, ਹੁਣ ਮੰਗਾਂ ਦੀ ਪੂਰਤੀ ਕਰਨ ਵਾਲੀ ਧਿਰ ਹੀ ਪੰਜਾਬ ਦੀ ਪੇਂਡੂ ਵਸੋਂ ਨੂੰ ਆਪਣੇ ਪਿੱਛੇ ਲਾ ਸਕੇਗੀ। ਮਨਰੇਗਾ ਸਕੀਮ ਤਹਿਤ ਦਿਹਾੜੀ ਕਰਨ ਵਾਲੇ ਮਜ਼ਦੂਰਾਂ ਵਿਚ ਵਧੇਰੇ ਪਿੰਡਾਂ ਵਿਚ ਰਹਿਣ ਵਾਲੇ ਹਨ। ਕੇਂਦਰ ਨੇ ਇਸ ਯੋਜਨਾ ਲਈ ਰੱਖੀ ਰਕਮ ਵਿਚ ਕਮੀ ਕਰ ਦਿੱਤੀ ਹੈ, ਜਦੋਂ ਕਿ ਮੰਗ ਇਹ ਹੈ ਕਿ ਸਾਲ ਵਿਚ ਘੱਟੋ-ਘੱਟ 200 ਦਿਨ ਕੰਮ ਦਿੱਤਾ ਜਾਵੇ ਅਤੇ ਜੋ ਹੋਰ ਕਾਮੇ ਇਸ ਸਕੀਮ ਤਹਿਤ ਕਿਰਤ ਕਰਨ ਦੇ ਇਛੁੱਕ ਹਨ, ਉਹਨਾਂ ਨੂੰ ਬਿਨਾਂ ਕਿਸੇ ਰੋਕ-ਟੋਕ ਦੇ ਕੰਮ ਦਿੱਤਾ ਜਾਵੇ।

ਪੰਜਾਬ ਦੀ ਵਸੋਂ ਦੀ ਚੇਤਨਾ ਜਾਨਣ ਲਈ ਵਿਧਾਨ ਸਭਾ ਦੀ ਲੰਘੀ ਚੋਣ ਨੂੰ ਵੇਖਿਆ ਜਾ ਸਕਦਾ ਹੈ। ਉਸ ਸਮੇਂ ਪੇਂਡੂ ਵੋਟਰਾਂ ਨੇ ਜਿੱਥੇ ਰਵਾਇਤੀ ਪਾਰਟੀਆਂ ਨਾਲ ਵਫਾਦਾਰੀਆਂ ਵਿਸਾਰ ਦਿੱਤੀਆਂ, ਉੱਥੇ ਉਹਨਾਂ ਡੇਰਿਆਂ ਦੇ ਆਦੇਸ਼ਾਂ ਦੀ ਵੀ ਅਣਸੁਣੀ ਕਰ ਦਿੱਤੀ। ਅਨੇਕਾਂ ਥਾਵਾਂ 'ਤੇ ਬੈਠੇ ਰਾਹ-ਦਸੇਰੇ ਇਸ਼ਾਰੇ ਨਾਲ ਕਹਿ ਰਹੇ ਸੀ ਕਿ 'ਤੱਕੜੀ ਜਾਂ ਫੁੱਲ' ਭਾਵ ਇਹਨਾਂ ਵਿੱਚੋਂ ਕਿਸੇ ਇੱਕ ਦਾ ਬਟਨ ਦਬਾਓ। ਵੋਟਰ ਉੱਥੋਂ ਚੁੱਪ-ਚੁਪੀਤੇ ਲੰਘ ਜਾਂਦੇ ਰਹੇ। ਅੱਗੇ ਜਾ ਕੇ ਬਹੁਗਿਣਤੀ ਹੱਥ 'ਝਾੜੂ' ਵਾਲਾ ਬਟਨ ਦਬਾਉਂਦੇ ਰਹੇ। ਇਸੇ ਪਹੁੰਚ ਨੇ ਹੀ ਪੰਜ ਵਾਰ ਮੁੱਖ ਮੰਤਰੀ ਰਹਿਣ ਅਤੇ ਬਜ਼ੁਰਗ ਹੋਣ ਦੀ ਵੀ ਅਣਦੇਖੀ ਕਰ ਦਿੱਤੀ। ਭਾਜਪਾ ਦੇ ਨਵੇਂ ਪ੍ਰਧਾਨ ਨੂੰ ਇਸ ਚੇਤਨਾ ਦਾ ਸਾਹਮਣਾ ਕਰਨਾ ਪਵੇਗਾ।

ਇਹ ਠੀਕ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਪੰਜਾਬ ਵਾਸੀਆਂ ਦੀਆਂ ਆਸਾਂ ਦੀ ਲੀਹ 'ਤੇ ਨਹੀਂ ਹੈ। ਇਸ ਸਰਕਾਰ ਨੂੰ ਕੇਜਰੀਵਾਲ ਦਾ ਗ੍ਰਹਿਣ ਵੀ ਕੁਝ ਨਹੀਂ ਕਰਨ ਦੇ ਰਿਹਾ, ਪੰਜਾਬ ਵਾਸੀ ਨਿਰਾਸ਼ ਤੇ ਨਾਰਾਜ਼ ਹਨ। ਇਸ ਦਾ ਇਹ ਅਰਥ ਨਹੀਂ ਕਿ ਉਹ ਰਵਾਇਤੀ ਪਾਰਟੀਆਂ ਦੇ ਹੱਕ ਵਿਚ ਹੋ ਗਏ ਹਨ, ਉਹਨਾਂ ਤੋਂ ਅਜੇ ਵੀ ਦੂਰ ਹਨ, ਖਾਸ ਕਰਕੇ ਪੇਂਡੂ ਵਸੋਂ। ਇਹ ਜਮੂਦ ਤੋੜਨਾ ਜਾਖੜ ਲਈ ਵੱਡੀ ਵੰਗਾਰ ਹੋਵੇਗਾ। ਉਹਨਾਂ ਦੇ ਕਾਰਜ ਵਿਚ ਹੋਰ ਦਲਬਦਲੀ ਕਰਕੇ ਭਾਜਪਾ ਵਿਚ ਆਏ ਆਗੂ ਕਿੰਨਾ ਕੁ ਸਾਥ ਦਿੰਦੇ ਹਨ ਅਤੇ ਭਗਵਾਂ ਪਾਰਟੀ ਦੇ ਪੁਰਾਣੇ ਆਗੂ ਤੇ ਵਰਕਰ ਕਿੰਨਾ ਕੁ ਸਰਗਰਮ ਹੁੰਦੇ ਹਨ, ਇਸ ਦਾ ਨਿਤਾਰਾ ਵੀ ਅਗਲੇ ਦਿਨਾਂ ਵਿਚ ਹੋਵੇਗਾ। ਜਾਖੜ ਨੂੰ ਰਵਾਇਤੀ ਰਾਜਸੀ ਪਾਰਟੀਆਂ ਦੇ ਆਗੂਆਂ ਦਾ ਰੁਖ ਵੀ ਵੇਖਣਾ ਪੈਣਾ ਹੈ।

**ਸੰਪਰਕ - 94179 71600**

# ਖ਼ਬਰਾਂ ਵਾਲਾ ਪੰਚਾਇਤੀ ਵਾਜਾ (ਰੇਡੀਓ)

**ਡਾ. ਮਨਜੀਤ ਸਿੰਘ ਬੱਲ**

ਕੁਝ ਦਿਨ ਪਹਿਲਾਂ ਇਕ ਰਸਾਲੇ ਵਿਚ ਰੇਡੀਓ ਸੰਬੰਧੀ ਲੇਖ ਪੜ੍ਹਦਿਆਂ ਮੈਨੂੰ ਉਹ ਸਮਾਂ ਯਾਦ ਆ ਗਿਆ, ਜਦ ਸਾਡੇ ਘਰ ਵੀ ਲੰਮਾ ਸਮਾਂ ਪੰਚਾਇਤ ਵਾਲਾ ਰੇਡੀਓ ਲੱਗਿਆ ਰਿਹਾ ਸੀ। ਉਹਨਾਂ ਵੇਲਿਆਂ 'ਚ ਰੇਡੀਓ ਤੋਂ ਬਿਨਾਂ ਮਾਲੂਮਾਤ, ਖ਼ਬਰਾਂ ਤੇ ਮਨੋਰੰਜਨ ਦਾ ਹੋਰ ਕੋਈ ਵੀ ਵਸੀਲਾ ਨਹੀਂ ਸੀ। ਮੁਲਕ ਦੀ ਤਕਸੀਮ ਤੋਂ ਬਾਅਦ ਆਕਾਸ਼ਵਾਣੀ ਲਾਹੌਰ ਤੋਂ ਅੰਮ੍ਰਿਤਸਰ ਸ਼ਿਫਟ ਹੋਇਆ ਸੀ ਤੇ 1948 ਵਿਚ ਕੁਝ ਸਮੇਂ ਵਾਸਤੇ ਅੰਮ੍ਰਿਤਸਰ ਰੇਡੀਓ ਸਟੇਸ਼ਨ ਚਾਲੂ ਰਿਹਾ, ਜਿਸ ਦਾ ਨਾਂਅ ਆਕਾਸ਼ਬਾਣੀ ਜਲੰਧਰ-ਅੰਮ੍ਰਿਤਸਰ ਸੀ। ਅੰਮ੍ਰਿਤਸਰ ਵਿਚ ਇਹ ਰੇਡੀਓ ਸਟੇਸ਼ਨ ਮੈਡੀਕਲ ਕਾਲਜ ਦੇ ਕੋਲ ਹੁੰਦਾ ਸੀ, ਜਿੱਥੇ ਬਾਅਦ ਵਿਚ ਟਾਊਨ ਪਲੈਨਿੰਗ ਦਾ ਦਫਤਰ ਵੀ ਰਿਹਾ। ਮੀਡੀਅਮ 'ਤੇ 225.6 ਜਲੰਧਰ 'ਤੇ 230.8 ਅੰਮ੍ਰਿਤਸਰ ਪ੍ਰਸਾਰਤ ਹੁੰਦਾ ਸੀ, ਪਰ ਕੁਝ ਸਾਲਾਂ ਬਾਅਦ 1953 ਵਿਚ ਬਿਨਾਂ ਕਿਸੇ ਕਾਰਨ ਦੇ ਅੰਮ੍ਰਿਤਸਰ ਵਾਲਾ ਰੇਡੀਓ ਸਟੇਸ਼ਨ ਬੰਦ ਕਰ ਦਿੱਤਾ ਗਿਆ। ਇਸ ਨਾਲ ਸਰਹੱਦੀ ਖ਼ਿੱਤੇ ਦਾ ਕਾਫੀ ਹਿੱਸਾ ਰੇਡੀਓ ਸਰਵਿਸ ਤੋਂ ਵਾਂਝਾ ਹੋ ਗਿਆ। 1963 ਵਿਚ ਉਸ ਵੇਲੇ ਦੇ ਚੜ੍ਹਦੇ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਪ੍ਰਤਾਪ ਸਿੰਘ ਕੈਰੋਂ ਨੇ ਅੰਮ੍ਰਿਤਸਰ ਵਾਸਤੇ ਤੇ ਪੰਜਾਬ ਦੀ ਨਵੀਂ ਬਣੀ ਰਾਜਧਾਨੀ ਚੰਡੀਗੜ੍ਹ ਵਾਸਤੇ ਕੇਂਦਰ ਕੋਲੋਂ ਮਨਜ਼ੂਰੀ ਤੇ ਸਾਜ਼ੋ-ਸਾਮਾਨ ਮੰਗਵਾ ਲਿਆ, ਪਰ 1965 ਵਿਚ ਪਾਕਿਸਤਾਨ ਨਾਲ ਜੰਗ ਛਿੜ ਜਾਣ ਕਰਕੇ ਟਰਾਂਸਮੀਟਰ ਨੂੰ ਜਲੰਧਰ ਘੱਲ ਦਿੱਤਾ ਗਿਆ ਤੇ ਉਥੇ ਪੱਕਾ ਰੇਡੀਓ ਸਟੇਸ਼ਨ ਬਣ ਗਿਆ। 1965-66 ਵਿਚ ਚੰਡੀਗੜ੍ਹ ਵਿਚ ਵੀ ਰੇਡੀਓ ਸਟੇਸ਼ਨ ਸਥਾਪਤ ਹੋ ਗਿਆ। ਜਿਵੇਂ ਹਰੇਕ ਦੇ ਦਿਮਾਗ਼ ਵਿਚ ਬੰਬੇ (ਮੁੰਬਈ) ਮਤਲਬ ਫਿਲਮ ਨਗਰੀ ਸੀ, ਇਵੇਂ ਹੀ ਉਹਨਾਂ ਦਿਨਾਂ 'ਚ ਜਲੰਧਰ ਦਾ ਮਤਲਬ ਸੀ ਰੇਡੀਓ ਸਟੇਸ਼ਨ ਤੇ ਉੱਥੋਂ ਬੋਲਣ ਵਾਲੇ ਕਲਾਕਾਰ।

ਉਹਨਾਂ ਦਿਨਾਂ 'ਚ, ਮਿਹਨਤ-ਮਜ਼ਦੂਰੀ ਦੇ ਨਾਲ-ਨਾਲ ਸਾਡੇ ਪਿਤਾ ਜੀ ਨੇ ਰੋਜ਼ੀ-ਰੋਟੀ ਵਾਸਤੇ ਸਪੀਕਰ ਬਣਾਇਆ ਹੋਇਆ ਸੀ। ਵਿਆਹ, ਕਿਸੇ ਦੇ ਸਵਰਗ ਸਿਧਾਰ ਜਾਣ ਤੋਂ ਬਾਅਦ ਦੇ 'ਕੱਠ, ਛਵ੍ਹਾਰਾ, ਧਮਾਣ ਜਾਂ ਹੋਰ ਕੋਈ ਵੀ ਖ਼ੁਸ਼ੀ ਦਾ ਮੌਕਾ ਹੋਵੇ ਤਾਂ ਸਾਇਕਲ 'ਤੇ ਪੂਰਾ ਸਾਮਾਨ ਲੱਦ ਕੇ (ਹੈਂਡਲ ਨਾਲ ਹਾਰਨ, ਕੈਰੀਅਰ 'ਤੇ ਹੇਠਾਂ ਉਤੇ ਗ੍ਰਾਮੋਫੋਨ, ਐਂਪਲੀਫਾਇਰ, ਬੈਟਰੀ, ਤਵਿਆਂ ਵਾਲੇ ਬਕਸੇ) ਤੇ ਬੋਝੇ 'ਚ ਸੂਈਆਂ ਵਾਲੀਆਂ ਵਾਧੂ ਡੱਬੀਆਂ ਲੈ ਕੇ ਨੇੜੇ-ਤੇੜੇ ਦੇ ਪਿੰਡਾਂ ਵਿਚ ਉੱਚੀ ਆਵਾਜ਼ ਵਿਚ ਰਿਕਾਰਡ ਵਜਾਉਣੇ। ਇਸ ਕਰਕੇ ਸਾਡੇ ਘਰ ਨੂੰ ਲੋਕ 'ਵਾਜੇ ਵਾਲਾ ਘਰ' ਕਹਿੰਦੇ ਸਨ। ਜਦ ਪਿੰਡ ਵਿਚ ਪੰਚਾਇਤੀ ਰੇਡੀਓ ਆਇਆ ਤਾਂ ਸਰਪੰਚ ਦੇ ਘਰ 'ਚ ਕਿਸੇ ਨੂੰ ਵੀ ਉਹ 'ਖ਼ਬਰਾਂ ਵਾਲਾ ਵਾਜਾ' (ਰੇਡੀਓ) ਚਲਾਉਣਾ ਨਹੀਂ ਸੀ ਆਉਂਦਾ। ਸਰਪੰਚ ਨੇ ਮੇਰੇ ਪਿਤਾ ਨੂੰ ਕਿਹਾ ਸੀ, 'ਸੰਤਾ ਸਿੰਹਾਂ..., ਹਾਰਨ ਤਾਂ ਉੱਚੀ ਥਾਂ 'ਤੇ ਹੀ ਲੱਗਣੈ, ਬਾਕੀ ਬੈਟਰੀ ਵਗ਼ੈਰਾ ਤੁਹਾਡੇ ਘਰ ਹੀ ਰੱਖ ਦਿੰਦੇ ਹਾਂ, ਖ਼ਬਰਾਂ ਵੇਲੇ ਤੁਸੀਂ ਹੀ ਚਾਲੂ ਕਰ ਦਿਆ ਕਰਿਓ।' ਉਸ ਵੇਲੇ ਪੰਚਾਇਤੀ ਰੇਡੀਓ ਦੇ ਦੋ ਹੀ ਬਟਨ (ਖਣੋਬਸ) ਹੁੰਦੇ ਸਨ, ਇਕ ਵਾਲੀਅਮ ਦਾ ਤੇ ਦੂਸਰਾ ਟਿਊਨਿੰਗ ਵਾਸਤੇ, ਕੋਈ ਡਾਇਲ ਨਹੀਂ ਸੀ ਹੁੰਦਾ। ਇਹਦੇ ਨਾਲ ਹੁੰਦੀ ਸੀ ਬਿੱਲੀ ਵਾਲੀ ਬੈਟਰੀ। ਸਿਰਫ ਆਕਾਸ਼ਬਾਣੀ ਜਲੰਧਰ ਜਾਂ ਰੇਡੀਓ ਪਾਕਿਸਤਾਨ ਲਾਹੌਰ ਹੀ ਲਗਦਾ ਸੀ, ਹਾਂ ਕਦੀ-ਕਦੀ ਲਾਹੌਰ 'ਤੇ ਰੋਕ ਵੀ ਲੱਗ ਜਾਂਦੀ ਸੀ। ਮੈਂ ਛੇਵੀਂ-ਸੱਤਵੀ 'ਚ ਸਾਂ। ਬੜਾ ਸ਼ੌਕ ਸੀ ਖ਼ਬਰਾਂ ਵਾਲੇ ਵਾਜੇ ਦਾ। ਮੈਨੂੰ ਚੇਤੇ ਹੈ ਕਿ ਜਦ ਹਾਰਨ ਬੰਨ੍ਹਣ ਵਾਸਤੇ ਮੈਂ ਵਿਹੜੇ ਵਿਚਲੀ ਧਰੇਕ ਦੇ ਉਤਲੇ ਟਾਹਣੇ 'ਤੇ ਚੜ੍ਹਿਆ ਸਾਂ ਤਾਂ ਖ਼ੱਖਰ ਤੋਂ ਭੂੰਡ ਲੜਨ ਦੇ ਬਾਵਜੂਦ ਮੈਂ ਉੱਚੇ ਤੇ ਮੋਟੇ ਟਾਹਣੇ ਨਾਲ ਹਾਰਨ ਨੂੰ ਚੰਗੀ ਤਰ੍ਹਾਂ ਰੱਸੇ ਨਾਲ ਬੰਨ੍ਹ ਕੇ ਹੀ ਉਤਰਿਆ ਸਾਂ।

ਜਲੰਧਰ ਤੋਂ ਐਤਵਾਰ ਦੁਪਹਿਰ ਨੂੰ ਤ੍ਰਿੰਞਣ (ਜਿਸ ਵਿਚ ਭੈਣ ਜੀ-ਤਾਰਾ ਬੇਦੀ ਤੇ ਪ੍ਰੇਮੋ ਹੁੰਦੀਆਂ ਸਨ), ਰੋਜ਼ ਸ਼ਾਮ ਨੂੰ ਦਿਹਾਤੀ ਪ੍ਰੋਗਰਾਮ ਤੇ ਖ਼ਬਰਾਂ ਵਾਸਤੇ ਰੇਡੀਓ ਲਗਾਇਆ ਜਾਂਦਾ ਸੀ। ਉਹਨੀਂ ਦਿਨੀਂ ਸੜਕੇ ਸੜਕੇ ਜਾਂਦੀਏ ਮੁਟਿਆਰੇ ਨੀਂ..., ਚੰਨ ਮਾਤਾ ਗੁਜਰੀ ਦਾ ਸੁੱਤਾ ਕੰਡਿਆਂ ਦੀ ਸੇਜ ਵਿਛਾਈ..., ਦੱਸ ਮੈਂ ਕੀ ਪਿਆਰ ਵਿਚੋਂ ਖੱਟਿਆ..., ਅੰਬੀਆਂ ਦੇ ਬੂਟਿਆਂ 'ਤੇ ਲੱਗ ਗਿਆ ਬੂਰ ਨੀ.., ਚੁੰਮ ਚੁੰਮ ਰੱਖੋ ਨੀ ਇਹ ਕਲਗੀ ਜੁਝਾਰ ਦੀ, ਕਾਲਾ ਡੋਰੀਆ ਕੁੰਡੇ ਨਾਲ ਅੜਿਆ ਈ ਓ..., ਤੂੰ ਪੀਂਘ ਤੇ ਮੈਂ ਪਰਛਾਵਾਂ, ਬੱਤੀ ਬਾਲ਼ ਕੇ ਬਨੇਰੇ ਉਤੇ ਰੱਖਨੀ ਆਂ..., ਪਾਕਿਸਤਾਨੀ ਗਾਣੇ 'ਰੁੱਖ ਡੋਲਦੇ 'ਤੇ ਅੱਖ ਨਹੀਓਂ ਲਗਦੀ', 'ਦੇਸਾਂ ਦਾ ਰਾਜਾ ਮੇਰੇ ਬਾਬਲ ਦਾ ਪਿਆਰਾ ਅੰਮੜੀ ਦੇ ਦਿਲ ਦਾ ਸਹਾਰਾ ਨੀ ਵੀਰ ਮੇਰਾ ਘੋੜੀ ਚੜ੍ਹਿਆ', ਆਲਮ ਲੁਹਾਰ ਦੀ ਜੁਗਨੀ, ਗੰਦਲਾਂ ਤੋੜਦੀਏ ਮੁਟਿਆਰੇ ਨੀ', 'ਸਾਨੂੰ ਨਹਿਰ ਵਾਲੇ ਪੁਲ 'ਤੇ ਬੁਲਾ ਕੇ' ਵਗ਼ੈਰਾ-ਵਗ਼ੈਰਾ ਵੱਜਦੇ ਹੁੰਦੇ ਸਨ।

ਦਿਹਾਤੀ ਪ੍ਰੋਗਰਾਮ ਵਿਚ ਭਾਈਆ ਜੀ, ਮਾਸਟਰ ਜੀ, ਠੂਣੀਆ ਰਾਮ, ਮੁਨਸ਼ੀ ਜੀ, ਫੌਜਾ ਸਿੰਘ, ਚਾਚਾ ਜੀ ਤੇ ਠੰਢੂ ਰਾਮ ਆਇਆ ਕਰਦੇ ਸਨ। ਰੇਡੀਓ ਪਾਕਿਸਤਾਨ ਲਾਹੌਰ ਤੋਂ ਜਮਹੂਰ ਦੀ ਆਵਾਜ਼ ਜ਼ਰਾਇਤੀ ਪ੍ਰੋਗਰਾਮ ਵਿਚ ਨਜਾਮ ਦੀਨ ਹੌਲੀ-ਹੌਲੀ ਉਹਨਾਂ ਦੇ ਅਸਲੀ ਨਾਵਾਂ ਦਾ ਪਤਾ ਲੱਗ ਗਿਆ ਸੀ। ਭਾਈਆ ਜੀ-ਹੇਮ ਰਾਜ ਸ਼ਰਮਾ, ਠੰਢੂ ਰਾਮ-ਜਾਨਕੀ ਦਾਸ ਭਾਰਦਵਾਜ, ਫੌਜਾ ਸਿੰਘ-ਸੱਤਪਾਲ ਤਾਲਿਬ, ਮਾਸਟਰ ਜੀ-ਅਵਿਨਾਸ਼ ਭਾਖੜੀ ਤੇ ਕਦੀ-ਕਦੀ ਸੁਰਿੰਦਰ ਸ਼ਰਮਾ, ਠੂਣੀਆ ਰਾਮ-ਸ੍ਰੀ ਸੰਤ ਰਾਮ, ਮੁਨਸ਼ੀ ਜੀ-ਕੁੰਦਨ ਸ਼ਰਮਾ ਤੇ ਚਾਚਾ-ਹਰਬੰਸ ਸਿੰਘ ਖ਼ੁਰਾਣਾ ਸਨ। ਖ਼ੁਰਾਣਾ ਜੀ ਤੋਤੇ ਦੀ ਆਵਾਜ਼ ਕੱਢਦੇ ਹੁੰਦੇ ਸਨ। ਕੁੰਦਨ ਸ਼ਰਮਾ ਐਤਵਾਰ ਨੂੰ ਬੱਚਿਆਂ ਦੇ ਪ੍ਰੋਗਰਾਮ ਬਾਲ-ਜਗਤ ਵਿਚ 'ਵੀਰ ਜੀ' ਵੀ ਹੁੰਦੇ ਸਨ। ਇਕ ਵਾਰ ਅੰਮ੍ਰਿਤਸਰ ਦੇ ਰਾਮ ਬਾਗ਼ (ਕੰਪਨੀ ਬਾਗ਼) ਵਿਚ ਹੋਏ ਸਾਵਣ ਕਵੀ ਦਰਬਾਰ ਵਿਚ ਸੱਤਪਾਲ ਤਾਲਿਬ, ਕਵੀ ਵਜੋਂ ਆਏ ਸਨ। ਉਹਨਾ ਨੂੰ ਵੇਖਣ ਵਾਸਤੇ ਮੇਰੇ ਪਿਤਾ ਜੀ ਮੈਨੂੰ ਸਪੈਸ਼ਲ ਆਪਣੇ ਪਿੰਡ ਬੱਲ ਕਲਾਂ ਤੋਂ ਸਾਇਕਲ 'ਤੇ ਲੈ ਕੇ ਗਏ ਸਨ। ਮੈਨੂੰ ਅਜੇ ਤੱਕ ਯਾਦ ਹੈ ਉਸ ਦਿਨ ਤਾਲਿਬ ਜੀ ਨੇ ਚਿੱਟੀ ਕਮੀਜ਼, ਚਿੱਟੀ ਪੈਂਟ ਤੇ ਚਿੱਟੇ ਬੂਟ ਪਾਏ ਹੋਏ ਸਨ। ਅੰਮ੍ਰਿਤਸਰ ਦੇ ਪ੍ਰਸਿੱਧ ਕਵੀ ਚਮਨ ਲਾਲ ਸ਼ੁਗ਼ਲ ਪ੍ਰਬੰਧਕਾਂ ਵਿਚ ਸਨ। ਭਾਵੇਂ ਉਦੋਂ ਅਜੇ ਮੈਂ ਬੱਚਾ ਹੀ ਸਾਂ, ਸ਼ੁਗ਼ਲ ਦੀ ਕਵਿਤਾ ਦਾ ਇਕ ਸ਼ੇਅਰ ਮੈਨੂੰ ਅੱਜ ਵੀ ਨਹੀਂ ਭੁੱਲਿਆ ਤੇ ਮੇਰੀ ਇਕ ਪੁਰਾਣੀ ਡਾਇਰੀ ਵਿਚ ਮਹਿਫ਼ੂਜ਼ ਹੈ, 'ਮੇਰੇ ਨਾਲ ਹੋਵੇਂ ਜਦੋਂ ਤੂੰ ਸੱਜਣੀ, ਲੱਗੇ ਅੰਮ੍ਰਿਤਸਰ ਜਿਵੇਂ ਇੰਗਲੈਂਡ ਹੋਵੇ।' ਚੀਜ਼ ਆਪਣੀ ਆਪਣੀ ਹੁੰਦੀ ਏ, ਭਾਵੇਂ ਸੌ ਵਾਰੀ ਸੈਕਿੰਡ ਹੈਂਡ ਹੋਵੇ"। ਮੇਰੇ ਕੋਰਸ ਦੌਰਾਨ ਮੈਡੀਕਲ ਕਾਲਜ ਅੰਮ੍ਰਿਤਸਰ ਦੀ ਗਰਾਊਂਡ 'ਚ ਇਕ ਇਨਾਮ ਵੰਡ ਸਮਾਗਮ ਵਿਚ ਮਨੋਰੰਜਨ ਵਾਸਤੇ ਆਕਾਸ਼ਵਾਣੀ ਜਲੰਧਰ ਤੋਂ ਕਲਾਕਾਰ ਹਰਬੰਸ ਸਿੰਘ ਖ਼ੁਰਾਣਾ ਨੂੰ ਬੁਲਾਇਆ ਗਿਆ ਸੀ, ਮੁੰਡਿਆਂ-ਕੁੜੀਆਂ ਦੀ ਫਰਮਾਇਸ਼ 'ਤੇ ਉਹਨਾਂ ਨੇ ਇਸ ਸਟੇਜ 'ਤੇ ਵੀ ਤੋਤੇ ਦੀ ਆਵਾਜ਼ ਕੱਢੀ ਸੀ। ਬਾਲ ਜਗਤ ਕਈ ਸਾਲ ਚੱਲਦਾ ਰਿਹਾ, ਸ਼ਾਇਦ ਹੁਣ ਵੀ ਚਲਦਾ ਹੈ। 1986 ਵਿਚ ਜਦ ਮੇਰਾ ਵੱਡਾ ਬੇਟਾ ਪੰਜ ਕੁ ਸਾਲ ਦਾ ਸੀ ਤਾਂ ਉਹਨੂੰ ਮੈਂ ਇਸ ਪ੍ਰੋਗਰਾਮ ਵਿਚ ਭਾਗ ਦਿਵਾਉਣ ਵਾਸਤੇ ਅੰਮ੍ਰਿਤਸਰ ਤੋਂ ਜਲੰਧਰ ਲੈ ਕੇ ਗਿਆ ਸਾਂ ਤੇ ਕੁੰਦਨ ਸ਼ਰਮਾ ਹੁਰਾਂ ਨੂੰ ਮਿਲਿਆ ਸਾਂ।

ਸੱਤਰਵਿਆਂ ਦੌਰਾਨ ਟੀ ਵੀ ਆ ਤਾਂ ਗਿਆ ਸੀ, ਪਰ ਅਜੇ ਬਹੁਤ ਹੀ ਘੱਟ ਲੋਕਾਂ ਦੀ ਪਹੁੰਚ ਵਿਚ ਸੀ। ਹਰੇਕ ਦੇ ਦਿਲੋ-ਦਿਮਾਗ਼ 'ਤੇ ਰੇਡੀਓ ਅਤੇ ਇਸ ਦੇ ਕਲਾਕਾਰ ਹੀ ਛਾਏ ਹੋਏ ਸਨ।' 78 ਵਿਚ ਸਰਕਾਰੀ ਨੌਕਰੀ 'ਚ ਮੈਡੀਕਲ ਅਫਸਰ ਵਜੋਂ ਮੇਰੀ ਪਹਿਲੀ ਤੈਨਾਤੀ ਸਿਵਲ ਹਸਪਤਾਲ ਜਲੰਧਰ ਵਿਖੇ ਹੋਈ।

(● ਬਾਕੀ ਸਫ਼ਾ 9 'ਤੇ)

# ਖੁੰਬਾਂ ਵਾਂਗ ਉੱਗਦੇ ਕਥਿਤ ਧਾਰਮਕ ਸਥਾਨ

**ਗੁਰਜਿੰਦਰ ਸਿੰਘ 'ਸਾਹਦੜਾ'**

ਸੌਖਾ ਈ ਕੰਮ ਐ ਜੀ ! ਦੂਰ ਵੀ ਕਾਹਨੂੰ ਜਾਣਾ ? ਭਾਵੇਂ ਆਪਦੇ ਘਰੇ ਈ ਗੁਰੂਆਂ, ਪੀਰਾਂ, ਮਾਤਾਵਾਂ ਤੇ ਬਾਬਿਆਂ ਦੀਆਂ ਕਾਲਪਨਿਕ ਤਸਵੀਰਾਂ ਲਾ ਲਓ। ਜੇ ਹੋਰ ਥੋੜ੍ਹਾ ਜਿਹਾ ਵਧੀਆ ਕਰਨਾ ਏ ਤਾਂ ਨਾਲ ਕੋਈ ਧਾਰਮਕ ਪੋਥੀ ਜਾਂ ਗ੍ਰੰਥ ਰੱਖ ਲਓ ਤੇ ਆਲੇ-ਦੁਆਲੇ ਮੋਰ ਦੇ ਖੰਭ ਖੜੇ ਕਰ ਲਓ। ਅਗਰਬੱਤੀਆਂ ਧੁਖਣ ਲਾ ਦਿਓ! ਲਾਲ, ਕੇਸਰੀ, ਨੀਲਾ, ਚਿੱਟਾ ਜਾਂ ਹਰਾ ਕੱਪੜਾ ਵਿਛਾ ਕੇ ਗੱਦੀ ਬਣਾ ਲਓ ਤੇ ਉੱਤੇ ਹੋ ਜਾਓ ਬਿਰਾਜਮਾਨ। ਇਹ ਖੁੱਲ੍ਹ ਗਈ ਤੁਹਾਡੀ ਉਹ ਹੱਟੀ, ਜਿਹਦੇ ਵਿੱਚ ਘਾਟਾ ਪੈਣ ਦੀ ਕੋਈ ਗੁੰਜਾਇਸ਼ ਈ ਨ੍ਹੀਂ। ਇੱਕੋ ਵਾਰ ਆ ਨਿੱਕ-ਸੁੱਕ ਜਿਹਾ ਖਰੀਦਣ ਦੀ ਲੋੜ ਪਵੇਗੀ ਬਾਅਦ 'ਚ ਇਹ ਸੇਵਾ ਵੀ ਦੁਖਿਆਰੀ ਜਨਤਾ ਆਪਣੇ ਹੱਥਾਂ 'ਚ ਲੈ ਲਵੇਗੀ। ਸੰਗਤ ਦੀ ਗਰੀਬੀ ਚੁੱਕ ਹੋਵੇ ਜਾਂ ਨਾ, ਪਰ ਤੁਹਾਡੇ ਦਿਨ, ਚੰਦ ਦਿਨਾਂ 'ਚ ਈ ਬਦਲ ਜਾਣਗੇ !

ਇਹ ਹਕੀਕਤ ਹੈ ਸਾਡੇ ਪੰਜ-ਆਬ ਦੇ ਬਹੁਤੇ ਧਾਰਮਕ ਸਥਾਨਾਂ ਦੇ ! ਬੜੇ-ਬੜੇ ਦਮਗਜੇ ਮਾਰਨ ਵਾਲੇ, ਕਹਿੰਦੇ-ਕਹਾਉਂਦੇ ਭੱਦਰਪੁਰਸ਼ ਤੇ ਉਹਨਾਂ ਦੀਆਂ ਗ੍ਰਹਿਣੀਆਂ ਨੂੰ ਜਦੋਂ ਗੱਡੀਆਂ ਖੜੀਆਂ ਕਰ ਇਨ੍ਹਾਂ 'ਹੱਟੀਆਂ' ਵਿੱਚ ਵੜਦਿਆਂ ਵੇਖੀ ਦਾ ਹੈ ਤਾਂ ਇੱਕੋ ਗੱਲ ਦਿਮਾਗ 'ਚ ਆਉਂਦੀ ਏ "ਕੁਝ ਨ੍ਹੀਂ ਹੋ ਸਕਦਾ ਇਹਨਾਂ ਸ਼ਰਧਾ-ਉੱਲੂਆਂ ਦਾ !! ਗੱਲਾਂ ਕਰਨੀਆਂ ਦਸ ਗੁਰੂ ਸਾਹਿਬਾਨ ਅਤੇ ਗੁਰੂ ਗ੍ਰੰਥ ਸਾਹਬ ਦੀਆਂ, ਪਰ ਪੈਰੀਂ ਡਿਗਣਾ ਅਨਪੜ੍ਹ ਬੂਬਨਿਆਂ ਤੇ ਬੂਬਨੀਆਂ ਦੇ। ਸ਼ਰਮ ਆਉਂਦੀ ਏ ਇਹਨਾਂ ਅਖੌਤੀ 'ਸਿੱਖਾਂ' ਵੱਲ ਵੇਖ ਕੇ।

ਸਾਡੇ ਗੁਆਂਢ ਈ ਪਿੰਡ ਏ ਖੁਰਦਾਂ। ਇੱਕ ਦਿਨ ਸਬੱਬੀਂ ਗੱਡੀ ਵਿੱਚ ਤੇਲ ਪੁਆਉਣ ਗਿਆ ਤਾਂ ਉੱਥੇ ਇੱਕ ਘਰ ਦੇ ਬਾਹਰ ਮੋਟਰ ਸਾਈਕਲਾਂ ਤੇ ਗੱਡੀਆਂ ਦੀ ਭਾਰੀ ਪਾਰਕਿੰਗ ਵੇਖ ਕੇ ਕੁਝ ਚਿਰ ਪਹਿਲਾਂ ਦਾ ਸਮਾਂ ਯਾਦ ਆਇਆ। ਉੱਥੇ ਇੱਕ ਔਰਤ ਕਾਫੀ ਸਮੇਂ ਤੋਂ ਪੁੱਛਾਂ ਦੇਣ ਦਾ 'ਧੰਦਾ' ਕਰਦੀ ਏ। ਉਹਦਾ ਘਰਵਾਲਾ (ਜੋ ਸ਼ਕਲੋਂ ਸੂਰਤੋਂ ਗੁਰਸਿੱਖ ਏ) ਮੇਰੇ ਕੋਲ ਸਾਮਾਨ ਖਰੀਦਣ ਆਇਆ ਤਾਂ ਮੈਨੂੰ ਕਹਿੰਦਾ, "ਭਾਅ ਸਹੀ ਸਹੀ ਲਾ ਲਿਓ ਗੁਰਦੁਆਰਾ ਸਾਹਬ ਦਾ ਕੰਮ ਏ।" ਮੈਂ ਪੁੱਛਿਆ, "ਕਿਹੜਾ ਗੁਰਦੁਆਰਾ ?" ਕਹਿੰਦਾ, "ਆਪਣੇ ਘਰ ਵਿੱਚ ਈ ਬਣਾਉਣ ਲੱਗੇ ਆਂ।" ਮੈਂ ਕਿਹਾ, "ਉਹ ਤਾਂ ਤੁਸੀਂ ਦੁਕਾਨ 'ਅੱਪਗ੍ਰੇਡ' ਕਰਨ ਲੱਗੇ ਓ ਜੀ !" ਉਸ ਨੂੰ ਮੁੜ ਭੱਜਦੇ ਨੂੰ ਰਾਹ ਨ੍ਹੀਂ ਲੱਭਿਆ। ਹੁਣ ਉੱਥੇ ਹੀ ਕੱਲ੍ਹ ਫੇਰ ਵੇਖਿਆ-ਸੁੱਖ ਨਾਲ ਉਨ੍ਹਾਂ ਦੀ 'ਦੁਕਾਨਦਾਰੀ' ਵਧੀਆ ਚੱਲ ਪਈ ਲੱਗਦੀ ਸੀ! ਕਹਿੰਦੇ ਉੱਥੇ ਹੁਣ ਹਰ ਐਤਵਾਰ ਸਵੇਰੇ-ਸਵੇਰੇ ਵਾਹਵਾ ਈ ਮੇਲਾ ਭਰਦਾ ਏ। ਮਤਲਬ ਕਿ ਉਸ ਟੱਬਰ ਨੂੰ ਕਮਾਈ ਦਾ ਸਾਧਨ ਮਿਲ ਗਿਆ ਐ !

*# ਸੰਪਰਕ : 91-98153-02341*

CMYK

4-AUG-PAGE-5.qxd 8/3/2023 10:43 PM Page 1



# ਵਕੀਲਾਂ ਦੀਆਂ ਮੁਸ਼ਕਲਾਂ ਨੂੰ ਪਹਿਲ ਦੇ ਅਧਾਰ 'ਤੇ ਹੱਲ ਕੀਤਾ ਜਾਵੇਗਾ : ਜੌੜਾਮਾਜਰਾ

## ਬਾਰ ਐਸੋਸੀਏਸ਼ਨ ਸਮਾਣਾ ਨੂੰ ਪੰਜ ਲੱਖ ਦੀ ਦਿੱਤੀ ਸਹਾਇਤਾ



**ਸਮਾਣਾ (ਇਕਬਾਲ ਸਿੰਘ ਬੱਲ, ਗੁਰੂਪਿਆਰ ਸਿੰਘ ਬੱਲ)**-ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਵਕੀਲਾਂ ਦੀਆਂ ਮੁਸ਼ਕਲਾਂ ਸੁਣਨ ਲਈ ਬਾਰ ਐਸੋਸੀਏਸ਼ਨ ਸਮਾਣਾ ਦੇ ਦਫਤਰ ਪਹੁੰਚ, ਜਿੱਥੇ ਉਨ੍ਹਾਂ ਦਾ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਹਰਸਿਮਰਨਪਾਲ ਸਿੰਘ ਤੱਤਲਾ ਦੀ ਅਗਵਾਈ ਹੇਠ ਵਕੀਲਾਂ ਨੇ ਫੁੱਲਾਂ ਦਾ ਗੁਲਦਸਤਾ ਦੇ ਕੇ ਸੁਆਗਤ ਕੀਤਾ। ਬਾਰ ਐਸੋਸੀਏਸ਼ਨ ਦੇ ਪ੍ਰਧਾਨ ਹਰਸਿਮਰਨਪਾਲ ਸਿੰਘ ਤੱਤਲਾ ਨੇ ਬਾਰ ਐਸੋਸੀਏਸ਼ਨ ਸਮਾਣਾ ਨੂੰ ਆ ਰਹੀਆਂ ਮੁਸ਼ਕਲਾਂ ਤੋਂ ਜਾਣੂ ਕਰਾਉਂਦਿਆਂ ਕਿਹਾ ਕਿ ਤਹਿਸੀਲ ਕੰਪਲੈਕਸ ਜੁਡੀਸ਼ਲ ਕੋਰਟ ਕੰਪਲੈਕਸ ਤੋਂ ਚਾਰ ਕਿਲੋਮੀਟਰ ਦੀ ਦੂਰੀ 'ਤੇ ਹੈ, ਉਸ ਨੂੰ ਤੇ ਬੱਸ ਸਟੈਂਡ ਨੂੰ ਜੁਡੀਸ਼ਲ ਕੋਰਟ ਕੰਪਲੈਕਸ ਦੇ ਨੇੜੇ ਲਿਆਂਦਾ ਜਾਵੇ। ਉਨ੍ਹਾਂ ਕਿਹਾ ਕਿ ਵਕੀਲ ਸਾਹਿਬਾਨਾਂ ਦੇ ਨਵੇਂ ਚੈਂਬਰ ਬਣਾਏ ਜਾ ਰਹੇ ਹਨ, ਉਸ ਵਿੱਚ ਪੰਜਾਬ ਸਰਕਾਰ ਵੀ ਮੈਚਇੰਗ ਗਰਾਂਟ ਦਾ 50% ਦਾ ਆਪਣਾ ਯੋਗਦਾਨ ਦੇਵੇ। ਚੈਂਬਰਾਂ ਦੇ ਪਿਛਲੇ ਪਾਸੇ ਪਾਰਕਿੰਗ ਲਈ ਜਗ੍ਹਾ ਪੱਕੀ ਕਰਵਾਈ ਜਾਵੇ, ਪੰਜਾਬ ਨੈਸ਼ਨਲਾਇਜ਼ ਬੈਂਕ ਦੀ ਬ੍ਰਾਂਚ ਖੁੱਲ੍ਹਵਾਉਣ, ਏ ਟੀ ਐੱਮ ਮਸ਼ੀਨ ਲਵਾਉਣ, ਡਾਕਖਾਨੇ ਦੀ ਬ੍ਰਾਂਚ ਖੁੱਲ੍ਹਵਾਉਣ, ਰਾਮ ਨਗਰ ਪੁਲਸ ਚੌਕੀ ਨੂੰ ਥਾਣਾ ਸਦਰ ਸਮਾਣਾ ਅਧੀਨ ਕਰਵਾਉਣ ਲਈ ਮੰਗਾਂ ਰੱਖੀਆਂ।

ਇਸ ਮੌਕੇ ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਵਕੀਲ ਸਾਹਿਬਾਨ ਪੜ੍ਹੀ-ਲਿਖੀ ਜਮਾਤ ਤੇ ਬੁੱਧੀਜੀਵੀ ਲੋਕ ਹਨ, ਇਸ ਲਈ ਇਨ੍ਹਾਂ ਦੀਆਂ ਸਾਰੀਆਂ ਮੰਗਾਂ ਪ੍ਰਵਾਨ ਹਨ, ਕਿਉਂਕਿ ਇਹ ਦਿਨ-ਰਾਤ ਮਿਹਨਤ ਕਰਕੇ ਲੋਕਾਂ ਨੂੰ ਨਿਆਂ ਦਿਵਾਉਣ ਲਈ ਅਹਿਮ ਭੂਮਿਕਾ ਨਿਭਾਉਂਦੇ ਹਨ। ਇਸ ਮੌਕੇ ਉਨ੍ਹਾਂ ਬਾਰ ਐਸੋਸੀਏਸ਼ਨ ਸਮਾਣਾ ਨੂੰ 5 ਲੱਖ ਰੁਪਏ ਦੀ ਗਰਾਂਟ ਦੇਣ ਦਾ ਐਲਾਨ ਕੀਤਾ, ਜਿਸ ਵਿੱਚੋਂ ਬਾਰ ਇੱਕ ਲੱਖ ਰੁਪਏ ਸਪੋਰਟਸ ਲਈ ਤੇ 4 ਲੱਖ ਰੁਪਏ ਹੋਰ ਕੰਮਾਂ ਲਈ ਵਰਤ ਸਕਦੀ ਹੈ। ਉਨ੍ਹਾ ਕਿਹਾ ਕਿ ਬਾਕੀ ਕੰਮਾਂ ਲਈ ਬਾਰ ਐਸੋਸੀਏਸ਼ਨ ਸਮਾਣਾ ਪ੍ਰਪੋਜ਼ਲ ਬਣਾ ਕੇ ਦੇਵੇ, ਉਨ੍ਹਾਂ ਲਈ ਵੀ ਉਹ ਸਰਕਾਰ ਪਾਸੋਂ ਪੂਰੇ ਫੰਡ ਮੁਹੱਈਆ ਕਰਵਾਉਣਗੇ। ਇਸ ਮੌਕੇ ਬਾਰ ਐਸੋਸੀਏਸ਼ਨ ਦੇ ਕੁਝ ਮੈਂਬਰਾਂ ਨੇ ਕੈਬਨਿਟ ਮੰਤਰੀ ਜੌੜਾਮਾਜਰਾ ਨੂੰ ਸਵਾਲ ਕੀਤੇ, ਜਿਨ੍ਹਾਂ ਦਾ ਉਨ੍ਹਾਂ ਨੇ ਬਾਖੂਬੀ ਜਵਾਬ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਕੋਲ ਫੰਡਾਂ ਦੀ ਕੋਈ ਘਾਟ ਨਹੀਂ ਹੈ, ਹੜ੍ਹਾਂ ਨਾਲ ਖਰਾਬ ਹੋਈਆਂ ਫਸਲਾਂ ਦਾ ਮੁਆਵਜ਼ਾ ਜਲਦੀ ਹੀ ਕਿਸਾਨਾਂ ਨੂੰ ਦਿੱਤਾ ਜਾਵੇਗਾ। ਉਨ੍ਹਾ ਕਿਹਾ ਕਿ ਪਿੰਡਾਂ ਦੇ ਸਰਪੰਚਾਂ ਨਾਲ ਕੋਈ ਵਿਤਕਰਾ ਨਹੀਂ ਕੀਤਾ ਜਾਂਦਾ ਪਿੰਡਾਂ ਦੇ ਸਰਪੰਚ ਪਿੰਡਾਂ ਦੀ ਤਰੱਕੀ ਲਈ ਸਰਕਾਰ ਕੋਲੋ ਆਉਣ ਉਨ੍ਹਾਂ ਨੂੰ ਗਰਾਂਟਾਂ ਦਿੱਤੀਆਂ ਜਾਣਗੀਆਂ। ਸ੍. ਜੌੜਾਮਾਜਰਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਕਿਸੇ ਨਾਲ ਵਿਤਕਰਾ ਨਹੀਂ ਕਰਦੀ, ਸਗੋਂ ਪੰਜਾਬ ਦੀ ਭਲਾਈ ਲਈ ਕੰਮ ਕਰ ਰਹੀ ਹੈ।

ਇਸ ਮੌਕੇ ਉਨ੍ਹਾਂ ਨਾਲ ਉਨ੍ਹਾਂ ਦੇ ਓ ਐੱਸ ਡੀ ਐਡਵੋਕੇਟ ਗੁਲਜਾਰ ਸਿੰਘ ਵਿਰਕ, ਕੌਂਸਲਰ ਸੰਦੀਪ ਲੂੰਬਾ ਤੋਂ ਇਲਾਵਾ ਬਾਰ ਐਸੋਸੀਏਸ਼ਨ ਸਮਾਣਾ ਦੇ ਪ੍ਰਧਾਨ ਐਡਵੋਕੇਟ ਹਰਸਿਮਰਨਪਾਲ ਸਿੰਘ ਤੱਤਲਾ, ਮੀਤ ਪ੍ਰਧਾਨ ਹਰਤੇਜ ਸਿੰਘ ਸੰਧੂ, ਜੁਆਇੰਟ ਸੈਕਟਰੀ ਨਵਜੋਤ ਗਰਗ, ਕੈਸ਼ੀਅਰ ਪ੍ਰਿਥਪਾਲ ਸਿੰਘ ਰਵੇਲ, ਲਾਇਬ੍ਰੇਰੀਅਨ ਜਗਮੀਤ ਕੌਰ, ਕਾਰਜਕਾਰੀ ਮੈਂਬਰ ਸ਼ਿਵ ਚਰਨ ਵਰਤੀਆ, ਜੁਗਰਾਜ ਸਿੰਘ ਵੜੈਚ, ਸੀਨੀਅਰ ਐਡਵੋਕੇਟ ਨਵਦੀਪ ਸਿੰਘ ਢਿੱਲੋਂ, ਦਵਿੰਦਰ ਸਿੰਘ ਢਿੱਲੋਂ, ਗੁਰਚੈਨ ਸਿੰਘ ਔਲਖ, ਕੁਲਵਿੰਦਰ ਸਿੰਘ ਗਲੌਲੀ, ਕਰਮਜੀਤ ਸਿੰਘ ਰੰਧਾਵਾ, ਰਵਿੰਦਰ ਕੁਮਾਰ ਸਹੋਤਾ, ਹਰਮਨਦੀਪ ਸਿੰਘ ਸਿੱਧੂ, ਇੰਦਰਜੀਤ ਸਿੰਘ ਸਲੂਜਾ, ਪੀ ਐੱਸ ਕੰਢਾ, ਵਿਕਾਸ ਸ਼ਰਮਾ, ਸੁਖਵਿੰਦਰਜੀਤ ਸਿੰਘ ਸਿਆਣ, ਹਰਿੰਦਰਪਾਲ ਸਿੰਘ ਹੈਪੀ ਤੇ ਹੋਰ ਬਹੁਤ ਸਾਰੇ ਬਾਰ ਮੈਂਬਰ ਹਾਜ਼ਰ ਸਨ।

# ਸਫ਼ਾਈ ਕਾਮਿਆਂ ਨੇ ਮੁੱਖ ਮੰਤਰੀ ਦਾ ਸਾੜਿਆ ਪੁਤਲਾ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਸਫ਼ਾਈ ਮਜ਼ਦੂਰ ਯੂਨੀਅਨ ਨਗਰ ਕੌਂਸਲ ਧੂਰੀ ਦੇ ਕਾਰਕੁੰਨਾਂ ਨੇ ਪ੍ਰਧਾਨ ਮਨੋਜ ਰਾਣੀ ਦੀ ਅਗਵਾਈ ਹੇਠ ਸਫਾਈ ਸੇਵਕ ਯੂਨੀਅਨ ਪੰਜਾਬ ਦੇ ਸੱਦੇ 'ਤੇ ਸ਼ਹਿਰ ਦੇ ਬਜ਼ਾਰਾਂ ਵਿੱਚ ਰੋਸ ਮਾਰਚ ਕਰਦਿਆਂ ਮੁੱਖ ਮੰਤਰੀ ਦਾ ਪੁਤਲਾ ਸਾੜਦਿਆਂ ਜੰਮ ਕੇ ਨਾਅਰੇਬਾਜ਼ੀ ਕੀਤੀ। ਸੰਬੋਧਨ ਦੌਰਾਨ ਬੁਲਾਰਿਆਂ ਨੇ ਛਾਂਟੀ ਕੀਤੇ ਗਏ ਆਊਟ ਸੋਰਸਿੰਗ ਵਰਕਰ ਬਹਾਲ ਕਰਨ, ਠੇਕਾ ਪ੍ਰਣਾਲੀ ਅਧੀਨ ਕੰਮ ਕਰਦੇ ਮਾਲੀ, ਬੇਲਦਾਰ, ਸੇਵਾਦਾਰ ਆਦਿ ਮੁਲਾਜ਼ਮ ਰੈਗੂਲਰ ਕੀਤੇ ਜਾਣ, ਸ਼ਹਿਰ ਦੀਆਂ ਬੀਟਾਂ ਅਨੁਸਾਰ ਸਫ਼ਾਈ ਸੇਵਕਾਂ ਦੀ ਭਰਤੀ ਕੀਤੀ ਜਾਵੇ। ਸਫ਼ਾਈ ਸੇਵਕਾਂ ਦੀ ਨਵੀਂ ਭਰਤੀ ਵਿੱਚ ਸਫ਼ਾਈ ਸੇਵਕਾਂ ਦੇ ਪਿਛੋਕੜ ਵਾਲੇ ਉਮੀਦਵਾਰਾਂ ਦਾ ਭਰਤੀ ਕੋਟਾ 75 ਫੀਸਦੀ ਕਰਨ, ਤਨਖਾਹ ਸਮੇਂ ਦੇਣ ਅਤੇ ਜੀ ਐੱਸ ਟੀ ਦੀ ਰਾਸ਼ੀ ਦੁੱਗਣੀ ਕਰਨ, ਸਪੈਸ਼ਲ ਮਾਣ ਭੱਤਾ ਵਧਾਉਣ, ਪਰਖਕਾਲ ਸਮੇਂ ਦੌਰਾਨ ਪੂਰੀ ਤਨਖਾਹ ਸਮੇਤ ਮੰਗ ਪੱਤਰ ਵਿੱਚ ਦਰਜ 23 ਮੰਗਾਂ ਪ੍ਰਵਾਨ ਕਰਨ ਦੀ ਮੰਗ ਕੀਤੀ ਗਈ। ਬੁਲਾਰਿਆਂ ਨੇ ਚੇਤਾਵਨੀ ਭਰੇ ਲਹਿਜੇ ਵਿੱਚ ਕਿਹਾ ਕਿ ਮੰਗਾਂ ਪ੍ਰਵਾਨ ਨਾ ਹੋਣ ਦੀ ਸੂਰਤ ਵਿੱਚ ਸਫ਼ਾਈ ਮਜ਼ਦੂਰ ਯੂਨੀਅਨ ਨਗਰ ਕੌਂਸਲ ਧੂਰੀ ਵੱਲੋਂ ਪੰਜਾਬ ਬਾਡੀ ਦੇ ਫ਼ੈਸਲੇ ਮੁਤਾਬਿਕ ਹੜਤਾਲ/ਭੁੱਖ ਹੜਤਾਲ ਜਾਂ ਸੰਘਰਸ਼ ਤੇਜ਼ ਕੀਤਾ ਜਾਵੇਗਾ, ਜਿਸ ਦੀ ਸਾਰੀ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ।

# ਅਮਲੋਹ 'ਚ ਸਟਰੀਟ ਲਾਈਟਾਂ ਲਾਉਣ ਦਾ ਕੰਮ ਵਿਧਾਇਕ ਬੜਿੰਗ ਨੇ ਕਰਾਇਆ ਸ਼ੁਰੂ



**ਅਮਲੋਹ (ਲਖਵੀਰ ਸਿੰਘ, ਹਰਚਰਨ ਸਿੰਘ)**

ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਵੱਲੋਂ ਅਮਲੋਹ ਸ਼ਹਿਰ ਵਿੱਚ ਸਟਰੀਟ ਲਾਈਟਾਂ ਲਾਉਣ ਦੇ ਕੰਮ ਦੀ ਸ਼ੁਰੂਆਤ ਕਰਾਈ ਗਈ, ਉਥੇ ਹੀ ਇਕੱਤਰ ਸਹਿਰ ਵਾਸੀਆਂ ਨੂੰ ਭਰੋਸਾ ਦਿੱਤਾ ਕਿ ਜਲਦ ਵੱਡੀ ਪੱਧਰ 'ਤੇ ਵਿਕਾਸ ਦੇ ਕੰਮਾਂ ਦੀ ਸ਼ੁਰੂਆਤ ਕੀਤੀ ਜਾਵੇਗੀ। ਹਲਕਾ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਨੇ ਕਿਹਾ ਕਿ ਅਮਲੋਹ ਸ਼ਹਿਰ ਵਿੱਚ 23 ਲੱਖ ਦੀ ਲਾਗਤ ਨਾਲ 600 ਦੇ ਕਰੀਬ ਸਟਰੀਟ ਲਾਈਟਾਂ ਲਾਈਆਂ ਜਾਣਗੀਆਂ, ਜਿਨ੍ਹਾਂ ਦੀ ਸ਼ੁਰੂਆਤ ਅੱਜ ਕਰਾ ਦਿੱਤੀ ਗਈ ਹੈ, ਉਥੇ ਹੀ ਨਾਭਾ ਅਤੇ ਬੁੱਗਾ ਅੱਡਾ ਵਿਖੇ ਦੋ ਵੱਡੀਆਂ ਫਲੱਡ ਲਾਈਟਾਂ ਲਾਈਆਂ ਜਾਣਗੀਆਂ ਤਾਂ ਜੁ ਰਾਤ ਸਮੇਂ ਕਿਸੇ ਪ੍ਰਕਾਰ ਦੀ ਕੋਈ ਪ੍ਰੇਸ਼ਾਨੀ ਨਾ ਆਵੇ ਅਤੇ ਸ਼ਹਿਰ ਅੰਦਰ ਸਟਰੀਟ ਲਾਈਟਾਂ ਦੀ ਬਹੁਤ ਜ਼ਿਆਦਾ ਲੋੜ ਸੀ। ਉਨ੍ਹਾਂ ਅੱਗੇ ਕਿਹਾ ਕਿ ਸ਼ਹਿਰ ਵਾਸੀਆਂ ਲਈ ਵੱਡੀ ਖੁਸ਼ਖਬਰੀ ਹੈ ਕਿ ਅਮਲੋਹ ਵੱਖ-ਵੱਖ ਵਿਕਾਸ ਕੰਮਾਂ ਲਈ ਪੌਣੇ ਪੰਜ ਕਰੋੜ ਦੇ ਕਰੀਬ ਫੰਡ ਪਾਸ ਹੋਏ ਸੀ, ਜਿਨ੍ਹਾਂ ਦੇ ਟੈਂਡਰ ਅੱਜ ਖੁੱਲ੍ਹ ਗਏ ਹਨ ਅਤੇ ਆਉਣ ਵਾਲੇ ਦਿਨਾਂ ਵਿੱਚ ਆਪਣੀ ਟੀਮ ਸਮੇਤ ਵਿਕਾਸ ਕੰਮ ਸ਼ੁਰੂ ਕਰਾ ਦਿੱਤੇ ਜਾਣਗੇ। ਉਨ੍ਹਾਂ ਕਿਹਾ ਕਿ ਮੇਰਾ ਸੁਪਨਾ ਹਲਕਾ ਅਮਲੋਹ ਦੇ ਸ਼ਹਿਰੀ ਅਤੇ ਦਿਹਾਤੀ ਖੇਤਰਾਂ ਨੂੰ ਵਿਕਾਸ ਪੱਖੋਂ ਮੋਹਰੀ ਬਣਾ ਹੈ, ਜਿਸ ਲਈ ਪੰਜਾਬ ਸਰਕਾਰ ਪਾਸੋਂ ਗ੍ਰਾਂਟਾਂ ਦੀ ਘਾਟ ਨਹੀਂ ਆਉਣ ਦਿੱਤੀ ਜਾਵੇਗੀ, ਉਥੇ ਹੀ ਹਲਕਾ ਅਮਲੋਹ ਦੇ ਵਸਨੀਕਾਂ ਦੀਆਂ ਆਸਾਂ ਉਮੀਦਾਂ ਉਤੇ ਖਰਾ ਉਤਰਾਂਗਾ।

ਵਿਧਾਇਕ ਬੜਿੰਗ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਚੋਣਾਂ ਸਮੇਂ ਜਿਹੜੇ ਵਾਅਦੇ ਪੰਜਾਬ ਵਾਸੀਆਂ ਨਾਲ ਕੀਤੇ ਗਏ ਸਨ, ਉਹ ਹਰ ਵਾਅਦੇ ਨੂੰ ਪੰਜਾਬ ਸਰਕਾਰ ਪੂਰਾ ਕਰੇਗੀ, ਜਿਸ ਤਹਿਤ ਕਈ ਵਾਅਦਿਆਂ ਨੂੰ ਪੂਰਾ ਵੀ ਕੀਤਾ ਹੈ। ਇਸ ਮੌਕੇ ਸ਼ਹਿਰੀ ਪ੍ਰਧਾਨ ਸਿਕੰਦਰ ਸਿੰਘ ਗੋਗੀ, ਜ਼ਿਲ੍ਹਾ ਕਿਸਾਨ ਵਿੰਗ ਦੇ ਪ੍ਰਧਾਨ ਦਰਸ਼ਨ ਸਿੰਘ ਚੀਮਾ, ਬੀ ਸੀ ਵਿੰਗ ਪ੍ਰਧਾਨ ਦਰਸ਼ਨ ਸਿੰਘ ਭੱਦਲਥੂਹਾ, ਸੀਨੀਅਰ ਆਗੂ ਰਣਜੀਤ ਪਨਾਗ, ਸਟੇਟ ਜੁਆਇੰਟ ਸਕੱਤਰ ਮਨਿੰਦਰ ਭਟੋਂ, ਬਾਰ ਐਸੋਸੀਏਸ਼ਨ ਅਮਲੋਹ ਦੇ ਪ੍ਰਧਾਨ ਐਡਵੋਕੇਟ ਅਮਰੀਕ ਸਿੰਘ ਔਲਖ, ਆਸ਼ੂ ਜਿੰਦਲ, ਤਰਨਦੀਪ ਬਦੇਸਾ, ਰਾਕੇਸ਼ ਬਬਲੀ, ਅਖਿਲ ਅਬਰੋਲ ਆਦਿ ਮੌਜੂਦ ਸਨ।

## ਕਾਤਰਾਂ

### ਰੇਲਵੇ ਟਰੈਕ ਤੋਂ ਅਣਪਛਾਤੇ ਵਿਅਕਤੀ ਦੀ ਮਿਲੀ ਲਾਸ਼

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਜੀ.ਆਰ.ਪੀ. ਨੂੰ ਸਰਹਿੰਦ ਨੇੜਿਓਂ ਰੇਲਵੇ ਟਰੈਕ ਤੋਂ ਇੱਕ ਅਣਪਛਾਤੀ ਲਾਸ਼ ਮਿਲਣ ਦਾ ਸਮਾਚਾਰ ਹੈ। ਮਾਮਲੇ ਦੀ ਜਾਂਚ ਕਰ ਰਹੇ ਜੀ.ਆਰ.ਪੀ. ਥਾਣਾ ਸਰਹਿੰਦ ਦੇ ਸਹਾਇਕ ਥਾਣੇਦਾਰ ਸ਼ਿੰਦਰਪਾਲ ਸਿੰਘ ਨੇ ਦੱਸਿਆ ਕਿ ਸਰਹਿੰਦ ਦੇ ਬ੍ਰਾਹਮਣਮਾਜਰਾ ਇਲਾਕੇ 'ਚ ਰੇਲਵੇ ਟਰੈਕ ਤੋਂ ਇੱਕ ਅਣਪਛਾਤੇ ਵਿਅਕਤੀ ਦੀ ਲਾਸ਼ ਬਰਾਮਦ ਹੋਈ ਹੈ, ਜਿਸ ਦਾ ਚਿਹਰਾ ਖਰਾਬ ਹੋ ਚੁੱਕਾ ਹੈ। ਉਨ੍ਹਾ ਦੱਸਿਆ ਕਿ ਮ੍ਰਿਤਕ ਦੀ ਉਮਰ ਲਗਭਗ 40/45 ਸਾਲ ਦੇ ਕਰੀਬ ਹੈ, ਜੋ ਸਿਰ ਤੋਂ ਮੋਨਾ ਹੈ ਤੇ ਲਾਸ਼ ਨੂੰ ਕਬਜ਼ੇ 'ਚ ਲੈ ਕੇ ਸਿਵਲ ਹਸਪਤਾਲ ਫ਼ਤਹਿਗੜ੍ਹ ਸਾਹਿਬ ਦੀ ਮੋਰਚਰੀ 'ਚ ਰਖਵਾਇਆ ਗਿਆ ਹੈ ਜਿਸ ਦੀ ਮੌਤ ਕਿਸੇ ਰੇਲਗੱਡੀ ਦੀ ਲਪੇਟ 'ਚ ਆਉਣ ਕਾਰਨ ਹੋਈ ਹੋ ਸਕਦੀ ਹੈ। ਉਨ੍ਹਾ ਅਪੀਲ ਕੀਤੀ ਕਿ ਮ੍ਰਿਤਕ ਸਬੰਧੀ ਕਿਸੇ ਕੋਲ ਕੋਈ ਵੀ ਜਾਣਕਾਰੀ ਹੋਵੇ ਤਾਂ ਤੁਰੰਤ ਜੀ.ਆਰ.ਪੀ. ਥਾਣਾ ਸਰਹਿੰਦ ਨਾਲ ਸਾਂਝੀ ਕੀਤੀ ਜਾਵੇ।

### ਗੌਰਮਿੰਟ ਪੈਨਸ਼ਨਰਜ਼ ਐਸੋ. ਦੀ ਮੀਟਿੰਗ ਭਲਕੇ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ)**-ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੀ ਗੌਰਮਿੰਟ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਗੁਰਬਚਨ ਸਿੰਘ ਨੇ ਦੱਸਿਆ ਕਿ ਜਥੇਬੰਦੀ ਦੀ ਮਹੀਨਾਵਾਰ ਮੀਟਿੰਗ 5 ਅਗਸਤ ਨੂੰ ਸਵੇਰੇ 11:00 ਤੋਂ 1:00 ਵਜੇ ਤੱਕ ਮੈਨ ਵਾਟਰ ਵਰਕਸ ਪੈਨਸ਼ਨਰ ਦਫਤਰ ਵਿਖੇ ਹੋਵੇਗੀ ਤੇ ਪੈਨਸ਼ਨਰ ਸਾਥੀਆਂ ਦੀਆਂ ਲਟਕਦੀਆਂ ਮੰਗਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਪੈਨਸ਼ਨਰ ਸਾਥੀਆਂ ਨੂੰ ਬੇਨਤੀ ਹੈ ਕਿ ਸਮੇਂ ਸਿਰ ਪਹੁੰਚਣ ਦੀ ਕਿਰਪਾਲਤਾ ਕਰਨ।

### ਕਾਰਜਕਾਰਨੀ ਕਮੇਟੀ ਦੀ ਚੋਣ 6 ਨੂੰ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਬਾਗਬਾਨੀ ਵਿਭਾਗ ਪੰਜਾਬ ਵੱਲੋਂ ਚਲਾਈ ਜਾ ਰਹੀ ਸਿਟਰਸ ਅਸਟੇਟ ਟਾਹਲੀਵਾਲਾ ਜੱਟਾਂ ਵੱਲੋਂ ਦਫਤਰ ਵਿਖੇ 6 ਸਤੰਬਰ 2023 ਨੂੰ ਸਵੇਰੇ 10 ਵਜੇ ਜਨਰਲ ਬਾਡੀ ਦਾ ਆਮ ਅਜਲਾਸ ਰੱਖਿਆ ਗਿਆ ਹੈ। ਇਹ ਜਾਣਕਾਰੀ ਦਿੰਦਿਆਂ ਮੁੱਖ ਕਾਰਜਕਾਰੀ ਅਫਸਰ ਸਿਟਰਸ ਅਸਟੇਟ ਟਾਹਲੀਵਾਲਾ ਜੱਟਾ ਡਾ. ਜਤਿੰਦਰ ਸਿੰਘ ਨੇ ਦੱਸਿਆ ਕਿ ਸਿਟਰਸ ਅਸਟੇਟ ਟਾਹਲੀਵਾਲਾ ਜੱਟਾ ਦੀ ਕਾਰਜਕਾਰਨੀ ਕਮੇਟੀ ਦੀ ਚੋਣ ਹਰ ਪੰਜ ਸਾਲਾਂ ਬਾਅਦ ਕੀਤੀ ਜਾਂਦੀ ਹੈ ਤੇ ਇਸ ਅਜਲਾਸ 'ਚ ਸਿਟਰਸ ਅਸਟੇਟ ਟਾਹਲੀਵਾਲਾ ਦੀ ਨਵੀਂ ਕਾਰਜਕਾਰਨੀ ਕਮੇਟੀ ਦੀ ਚੋਣ ਕੀਤੀ ਜਾਵੇਗੀ।

### 10 ਗ੍ਰਾਮ ਹੈਰੋਇਨ ਸਣੇ ਕਾਬੂ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਵੱਲੋਂ 10 ਗ੍ਰਾਮ ਹੈਰੋਇਨ ਸਣੇ ਇੱਕ ਵਿਅਕਤੀ ਨੂੰ ਕਾਬੂ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਦੇ ਅਨੁਸਾਰ ਸਹਾਇਕ ਥਾਣੇਦਾਰ ਅਮਰੀਕ ਸਿੰਘ ਪੁਲਸ ਪਾਰਟੀ ਸਮੇਤ ਗਸ਼ਤ ਦੌਰਾਨ ਸਥਾਨਕ ਸ਼ਹਿਰ ਵਿੱਚ ਟੈਲੀਫੋਨ ਐਕਸਚੇਂਜ ਦੇ ਕੋਲ ਪੁੱਜੇ ਤਾਂ ਸਾਹਮਣੇ ਤੋਂ ਇੱਕ ਵਿਅਕਤੀ ਆਉਂਦਾ ਦਿਖਾਈ ਦਿੱਤੀ, ਜੋ ਪੁਲਸ ਪਾਰਟੀ ਨੂੰ ਵੇਖ ਕੇ ਆਪਣੀ ਜੇਬ ਵਿੱਚੋਂ ਮੋਮੀ ਲਿਫਾਫਾ ਸੁੱਟ ਕੇ ਤੇਜ਼ ਤੁਰਨ ਲੱਗਿਆ, ਜਿਸ ਨੂੰ ਪੁਲਸ ਪਾਰਟੀ ਨੇ ਕਾਬੂ ਕਰਕੇ ਮੁੱਢਲੀ ਪੁੱਛਗਿੱਛ ਕੀਤੀ ਗਈ ਤਾਂ ਉਸ ਨੇ ਆਪਣਾ ਨਾਮ ਸੁਖਵਿੰਦਰ ਸਿੰਘ ਉਰਫ ਬੱਬੂ ਪੁੱਤਰ ਬਲਵੰਤ ਸਿੰਘ ਵਾਸੀ ਕੋਟੂ ਫੰਗੀਆ ਦੱਸਿਆ, ਜਿਸ ਦੇ ਬਾਅਦ ਪੁਲਸ ਨੇ ਸੁੱਟੇ ਗਏ ਮੋਮੀ ਲਿਫਾਫੇ ਦੀ ਚੈਕਿੰਗ ਕੀਤੀ ਤਾਂ ਉਸ ਵਿੱਚੋਂ 10 ਗ੍ਰਾਮ ਹੈਰੋਇਨ ਬਰਾਮਦ ਹੋਈ। ਥਾਣਾ ਸਿਟੀ ਦੀ ਪੁਲਸ ਨੇ ਉਕਤ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

### ਦੋ ਕਿਤਾਬਾਂ ਚਾਰ ਗੱਲਾਂ ਪ੍ਰੋਗਰਾਮ 6 ਨੂੰ

**ਬਠਿੰਡਾ (ਨ ਜ਼ ਸ)**-ਪੰਜਾਬੀ ਸਾਹਿਤ ਸਭਾ ਰਜਿ: ਬਠਿੰਡਾ ਵੱਲੋਂ 'ਦੋ ਕਿਤਾਬਾਂ : ਚਾਰ ਗੱਲਾਂ' ਪ੍ਰੋਗਰਾਮ 6 ਅਗਸਤ ਨੂੰ ਟੀਚਰਜ ਹੋਮ ਵਿਖੇ ਕਰਾਇਆ ਜਾ ਰਿਹਾ ਹੈ। ਸਭਾ ਦੇ ਜਨਰਲ ਸਕੱਤਰ ਸ੍ਰੀ ਰਣਜੀਤ ਗੌਰਵ ਨੇ ਦੱਸਿਆ ਕਿ ਸਮਾਗਮ ਦੀ ਪ੍ਰਧਾਨਗੀ ਡਾ: ਹਰਜਿੰਦਰ ਸਿੰਘ ਅਟਵਾਲ, ਸਾਹਿਤ ਸੰਪਾਦਕ 'ਨਵਾਂ ਜ਼ਮਾਨਾ' ਕਰਨਗੇ, ਜਦੋਂ ਕਿ ਮੁੱਖ ਮਹਿਮਾਨ ਵਜੋਂ ਸ੍ਰੀ ਜਤਿੰਦਰ ਸਿੰਘ ਭੱਲਾ ਚੇਅਰਮੈਨ ਇੰਪਰੂਵਮੈਂਟ ਟਰੱਸਟ ਹੋਣਗੇ। ਸ੍ਰੀ ਦਰਸ਼ਨ ਜੋਗਾ ਕਹਾਣੀਕਾਰ ਤੇ ਬੀਰਬਲ ਦਾਸ ਚੇਅਰਮੈਨ ਟੀਚਰਜ ਹੋਮ ਟਰੱਸਟ ਸਮਾਗਮ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਸਿਰਕਤ ਕਰਨਗੇ। ਗੌਰਵ ਨੇ ਦੱਸਿਆ ਕਿ ਇਸ ਸਮਾਗਮ ਦੌਰਾਨ ਦੋ ਪੁਸਤਕਾਂ ਤੇ ਗੱਲਬਾਤ 'ਤੇ ਵਿਚਾਰ ਚਰਚਾ ਹੋਵੇਗੀ। ਉੱਘੇ ਗ਼ਜ਼ਲਗੋ ਸ੍ਰੀ ਰਣਬੀਰ ਰਾਣਾ ਦੀ ਪੁਸਤਕ 'ਮਨ ਦੇ ਮਹਿਰਮ' ਤੇ ਡਾ. ਹਰਜਿੰਦਰ ਸੂਰੇਵਾਲੀਆ ਪਰਚਾ ਪੜ੍ਹਨਗੇ ਅਤੇ ਨਿਰੰਜਣ ਬੋਹਾ ਤੇ ਲਛਮਣ ਮਲੂਕਾ ਮੁੱਖ ਬੁਲਾਰੇ ਹੋਣਗੇ। ਇਸੇ ਤਰ੍ਹਾਂ ਆਗਾਜ਼ਬੀਰ ਦੀ ਪੁਸਤਕ 'ਕੁਇਨਜ਼ ਲੈਂਡ' ਤੇ ਡਾ. ਚੰਦਰ ਪ੍ਰਕਾਸ਼ ਪਰਚਾ ਪੜ੍ਹਨਗੇ, ਜਦੋਂ ਕਿ ਮੁੱਖ ਬੁਲਾਰੇ ਪ੍ਰੋ. ਗੁਰਦੀਪ ਢਿੱਲੋਂ ਤੇ ਪ੍ਰੋ: ਪ੍ਰਗਟ ਬਰਾੜ ਹੋਣਗੇ।

# ਸ਼੍ਰੋਮਣੀ ਅਕਾਲੀ ਦਲ ਦੇ ਵਫ਼ਦ ਵੱਲੋਂ ਸੜਕ ਸੰਬੰਧੀ ਐਸ ਡੀ ਐਮ ਨੂੰ ਮੰਗ ਪੱਤਰ



**ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)**

ਸ਼੍ਰੋਮਣੀ ਅਕਾਲੀ ਦਲ ਹਲਕਾ ਅਮਲੋਹ ਦੀ ਸੀਨੀਅਰ ਲੀਡਰਸ਼ਿਪ ਵੱਲੋਂ ਮੁੱਖ ਸੇਵਾਦਾਰ ਤੇ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਗੁਰਪ੍ਰੀਤ ਸਿੰਘ ਰਾਜੂ ਖੰਨਾ ਦੀ ਅਗਵਾਈ ਵਿੱਚ ਮੰਡੀ ਗੋਬਿੰਦਗੜ੍ਹ ਅਮਲੋਹ ਦੀ ਖੂਨੀ ਰੋਡ ਨੂੰ ਜਲਦ ਬਣਾਉਣ ਲਈ ਵਫ਼ਦ ਦੇ ਰੂਪ ਵਿੱਚ ਗੁਰਵਿੰਦਰ ਸਿੰਘ ਜੌਹਲ ਐਸ ਡੀ ਐਮ ਨੂੰ ਜਿਥੇ ਮੰਗ ਪੱਤਰ ਦਿੱਤਾ ਗਿਆ, ਉਥੇ ਰਾਜੂ ਖੰਨਾ ਦੀ ਅਗਵਾਈ ਵਾਲੇ ਵਫ਼ਦ ਵੱਲੋਂ ਐਸ ਡੀ ਐਮ ਨੂੰ ਹਲਕੇ ਦੀਆਂ ਸਮੱਸਿਆਵਾਂ ਤੋਂ ਵੀ ਵਿਸਥਾਰ ਵਿੱਚ ਜਾਣੂ ਕਰਾਇਆ ਗਿਆ। ਮੰਗ ਪੱਤਰ ਦੇਣ ਉਪਰੰਤ ਰਾਜੂ ਖੰਨਾ ਨੇ ਕਿਹਾ ਕਿ ਮੰਡੀ ਗੋਬਿੰਦਗੜ੍ਹ ਅਮਲੋਹ ਰੋਡ ਜਿਸ ਵਿੱਚ ਵੱਡੇ-ਵੱਡੇ ਡੂੰਘੇ ਟੋਏ ਲੰਮੇ ਸਮੇਂ ਤੋਂ ਪਏ ਹੋਏ ਹਨ, ਇਹ ਸੜਕ ਉੱਪਰੋਂ ਵੱਡੀ ਗਿਣਤੀ ਵਿੱਚ ਜਿਥੇ ਵਾਹਣ ਹਰ ਰੋਜ਼ ਗੁਜ਼ਰਦੇ ਹਨ, ਉਥੇ ਇੰਡਸਟਰੀ ਦੇ ਟਰੱਕ ਵੀ ਇਸ ਰੋਡ 'ਤੇ ਵੱਡੀ ਗਿਣਤੀ ਵਿੱਚ ਰਹਿੰਦੇ ਹਨ। ਸੜਕ ਦੀ ਮਾੜੀ ਹਾਲਤ ਕਾਰਨ ਜਿਥੇ ਮਸ਼ੀਨਰੀ ਦਾ ਵੱਡਾ ਨੁਕਸਾਨ ਹੋ ਰਿਹਾ ਹੈ, ਉਥੇ ਇਸ ਖੂਨੀ ਸੜਕ ਕਾਰਨ ਰਾਹਗੀਰਾਂ ਦੀਆਂ ਮੌਤਾਂ ਵੀ ਵੱਡੇ ਪੱਧਰ 'ਤੇ ਹੋ ਰਹੀਆਂ ਹਨ।

ਉਨ੍ਹਾਂ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੀ ਸੀਨੀਅਰ ਲੀਡਰਸ਼ਿਪ ਨੂੰ ਨਾਲ ਲੈ ਕੇ ਸਰਕਾਰ ਤੇ ਪ੍ਰਸ਼ਾਸਨ ਨੂੰ ਜਗਾਉਦੇ ਹੋਏ ਐਸ ਡੀ ਐਮ ਨੂੰ ਮੰਗ ਪੱਤਰ ਦੇ ਕੇ ਹਲਕੇ ਦੀਆਂ ਸਮੱਸਿਆਂਵਾਂ ਤੋਂ ਜਾਣੂ ਕਰਾਇਆ ਗਿਆ ਹੈ। ਰਾਜੂ ਖੰਨਾ ਨੇ ਸਰਕਾਰ ਤੇ ਪ੍ਰਸ਼ਾਸਨ ਅਧਿਕਾਰੀਆਂ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇ ਸੜਕ ਜਲਦ ਨਾ ਬਣਾਈ ਤਾਂ ਸ਼੍ਰੋਮਣੀ ਅਕਾਲੀ ਦਲ ਵੱਡਾ ਸੰਘਰਸ਼ ਕਰੇਗਾ। ਇਸ ਤੋਂ ਇਲਾਵਾ ਇੰਡਸਟਰੀ ਨੂੰ ਜੋੜਦੀਆਂ ਸੜਕਾਂ ਮੁਗਲਮਾਜਰਾ ਰੋਡ, ਕੁੰਭ ਰੋਡ, ਤਲਵਾੜਾ ਰੋਡ, ਮਾਜਰੀ ਮਿਸਰੀ ਰੋਡ, ਭਾਦਲਾ ਰੋਡ, ਅਜਨਾਲੀ ਸੂਆ ਰੋਡ ਤੋਂ ਇਲਾਵਾ ਜੀ ਟੀ ਰੋਡ ਦੇ ਦੋਵੇਂ ਪਾਸੇ ਸਰਵਿਸ ਰੋਡ ਦੀ ਹਾਲਤ ਵੀ ਬਦ ਤੋਂ ਬਦਤਰ ਹੋ ਚੁੱਕੀ ਹੈ। ਜਦੋਂ ਸ਼੍ਰੋਮਣੀ ਅਕਾਲੀ ਦਲ ਦੇ ਸੜਕ ਸਬੰਧੀ ਮਿਲੇ ਵਫ਼ਦ ਬਾਰੇ ਐਸ ਡੀ ਐਮ ਗੁਰਵਿੰਦਰ ਸਿੰਘ ਜੌਹਲ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਮੰਡੀ ਗੋਬਿੰਦਗੜ੍ਹ ਅਮਲੋਹ ਰੋਡ ਦੀ ਹਾਲਤ ਵਧੇਰੇ ਖਸਤਾ ਹੈ। ਪਰ ਸਰਕਾਰ ਵੱਲੋਂ ਇਸ ਸੜਕ ਨੂੰ ਨਵਾਂ ਰੂਪ ਦੇਣ ਲਈ ਬਜਟ ਪਾਸ ਕਰ ਦਿੱਤਾ ਗਿਆ ਹੈ ਤੇ ਜਲਦ ਇਸ ਸੜਕ ਨੂੰ ਨਵਾਂ ਰੂਪ ਦੇਣ ਲਈ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ।

ਉਹਨਾਂ ਰਾਜੂ ਖੰਨਾ ਦੀ ਅਗਵਾਈ ਵਿੱਚ ਮਿਲੇ ਵਫਦ ਦੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਜਲਦ ਹਰ ਸਮੱਸਿਆ ਦਾ ਹੱਲ ਕਰਨ ਦਾ ਭਰੋਸਾ ਵੀ ਦਿੱਤਾ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਰਵਿੰਦਰ ਸਿੰਘ ਖਾਲਸਾ, ਜਤਿੰਦਰ ਸਿੰਘ ਧਾਲੀਵਾਲ, ਜਥੇਦਾਰ ਕੁਲਦੀਪ ਸਿੰਘ ਮੁੱਢੜੀਆ, ਜਥੇਦਾਰ ਪਰਮਜੀਤ ਸਿੰਘ ਖਨਿਆਣ, ਕੈਪਟਨ ਜਸਵੰਤ ਸਿੰਘ ਬਾਜਵਾ, ਕਰਮਜੀਤ ਸਿੰਘ ਭਗੜਾਣਾ, ਹਰਬੰਸ ਸਿੰਘ ਬਡਾਲੀ, ਹਰਮੀਤ ਸਿੰਘ ਖਾਲਸਾ, ਹਰਵਿੰਦਰ ਸਿੰਘ ਬਿੰਦਾ ਮਾਜਰੀ, ਮਨਪ੍ਰੀਤ ਸਿੰਘ ਮਾਜਰੀ, ਯੂਥ ਆਗੂ ਕੰਵਲਜੀਤ ਸਿੰਘ ਗਿੱਲ ਤੇ ਹੋਰ ਆਗੂ ਹਾਜ਼ਰੀ ਸਨ।


# ਸਤਲੁਜ 'ਚ ਡੁੱਬੇ ਨੌਜਵਾਨ ਦੀ ਮਿਲੀ ਲਾਸ਼

## ਦੋਸਤ ਨੂੰ ਬਚਾਉਣ ਦੇ ਚੱਕਰ 'ਚ ਗਵਾਈ ਜਾਨ

**ਜਲਾਲਾਬਾਦ (ਜੀਤ ਕੁਮਾਰ)**-ਸਰਹੱਦੀ ਖੇਤਰ ਪਿੰਡ ਪ੍ਰਭਾਤ ਸਿੰਘ ਵਾਲਾ ਦੇ ਨਜ਼ਦੀਕ ਲੰਘਦੇ ਸਤਲੁਜ ਦਰਿਆ ਦੀ ਫਾਟ ਵਿੱਚ ਬੀਤੇ ਮੰਗਲਵਾਰ ਨੂੰ ਆਪਣੇ ਦੋਸਤ ਨੂੰ ਬਚਾਉਣ ਦੇ ਚੱਕਰ 'ਚ ਡੁੱਬੇ ਇੱਕ ਨੌਜਵਾਨ ਵਿਅਕਤੀ ਦੀ ਅੱਜ ਦੂਸਰੇ ਦਿਨ ਲਾਸ਼ ਮਿਲ ਗਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੱਪੂ ਸਿੰਘ (22) ਪੁੱਤਰ ਮੁਖਤਿਆਰ ਸਿੰਘ ਵਾਸੀ ਪਿੰਡ ਪ੍ਰਭਾਤ ਸਿੰਘ ਵਾਲਾ ਉਤਾੜ, ਜੋ ਆਪਣੇ ਦੋਸਤਾਂ ਨਾਲ ਸਤਲੁਜ ਦਰਿਆ ਦੀ ਫਾਟ ਕੋਲ ਕੰਮ ਕਰਨ ਲਈ ਗਿਆ ਹੋਇਆ ਸੀ ਅਤੇ ਜਦੋਂ ਉਹ ਆਪਣੇ ਦੋਸਤ ਨਾਲ ਵਾਪਸ ਆ ਰਿਹਾ ਸੀ ਤਾਂ ਉਸ ਦਾ ਦੋਸਤ ਦਰਿਆ ਦੀ ਫਾਟ 'ਚ ਪੈਰ ਫਿਸਲਣ ਕਾਰਨ ਡਿੱਗ ਪਿਆ, ਪੱਪੂ ਸਿੰਘ ਉਸ ਨੂੰ ਬਚਾਉਣ ਦੀ ਕੋਸ਼ਿਸ਼ ਕਰਨ ਲੱਗਿਆ, ਪਰ ਆਪ ਪਾਣੀ ਦੀ ਤੇਜ਼ ਰਫਤਾਰ ਹੋਣ ਕਾਰਨ ਰੁੜ੍ਹ ਗਿਆ, ਜਦੋਂ ਕਿ ਉਸਦਾ ਦੋਸਤ ਵਾਲ ਵਾਲ ਬਚ ਗਿਆ। ਜਿਵੇਂ ਹੀ ਉਸ ਦੇ ਪਾਣੀ ਵਿੱਚ ਰੁੜ੍ਹ ਜਾਣ ਬਾਰੇ ਆਲੇ ਦੁਆਲੇ ਦੇ ਲੋਕਾਂ ਨੂੰ ਪਤਾ ਚੱਲਿਆ ਤਾਂ ਤੁਰੰਤ ਬਚਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਅਤੇ ਮੌਕੇ 'ਤੇ ਸਿਵਲ ਤੇ ਪੁਲਸ ਪ੍ਰਸ਼ਾਸਨ ਵੀ ਪਹੁੰਚ ਗਿਆ, ਪਰ ਅੱਜ ਦੂਜੇ ਦਿਨ ਪ੍ਰਸ਼ਾਸਨ ਵੱਲੋਂ ਐੱਨ.ਡੀ.ਆਰ.ਐੱਫ. ਦੀ ਟੀਮ ਨੂੰ ਬਲਾਉਣਾ ਪਿਆ, ਅੱਜ ਐੱਨ.ਡੀ.ਆਰ.ਐੱਫ. ਵੱਲੋਂ ਰੈਸਕਿਊ ਅਪ੍ਰੇਸ਼ਨ ਕਰਕੇ ਪੱਪੂ ਸਿੰਘ ਦੀ ਲਾਸ਼ ਬਰਾਮਦ ਕਰ ਲਈ ਗਈ ਹੈ। ਉਧਰ, ਜਦੋਂ ਇਸ ਸਬੰਧੀ ਥਾਣਾ ਸਦਰ ਦੇ ਐੱਸ.ਐੱਚ.ਓ. ਗੁਰਵਿੰਦਰ ਕੁਮਾਰ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾ ਦੱਸਿਆ ਕਿ ਮ੍ਰਿਤਕ ਪੱਪੂ ਸਿੰਘ ਦੇ ਪਰਿਵਾਰ ਦੇ ਮੈਂਬਰਾਂ ਦੇ ਬਿਆਨਾਂ ਦੇ ਅਧਾਰ 'ਤੇ ਧਾਰਾ 174 ਅਧੀਨ ਕਾਰਵਾਈ ਕਰਨ ਉਪਰੰਤ ਮ੍ਰਿਤਕ ਪੱਪੂ ਸਿੰਘ ਦੀ ਲਾਸ਼ ਨੂੰ ਪੋਸਟਮਾਰਟਮ ਲਈ ਫਾਜ਼ਿਲਕਾ ਭੇਜ ਦਿੱਤਾ ਗਿਆ ਹੈ।

# ਲੁਟੇਰਿਆਂ ਵੱਲੋਂ ਪਿੱਛਾ ਕਰ ਰਹੀ ਪੁਲਸ ਪਾਰਟੀ 'ਤੇ ਹਮਲਾ

## ਹੌਲਦਾਰ ਦਾ ਹੱਥ ਵੱਢਿਆ, ਲੁਟੇਰੇ ਗ੍ਰਿਫ਼ਤਾਰ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਥਾਣਾ ਨੰਦਗੜ੍ਹ ਦੇ ਨੇੜੇ ਪਿੰਡ ਧੁੰਨੀਕੇ ਦੇ ਨੇੜੇ ਲੁੱਟ ਕੇ ਭੱਜੇ ਲੁਟੇਰੇ ਦੇ ਪਿੱਛੇ ਲੱਗੀ ਪੁਲਸ ਪਾਰਟੀ 'ਤੇ ਹਮਲਾ ਕਰ ਦਿੱਤਾ ਤੇ ਹਮਲੇ ਦੌਰਾਨ ਹੌਲਦਾਰ ਕਿੱਕਰ ਸਿੰਘ ਦਾ ਹੱਥ ਕੱਟਿਆ ਗਿਆ, ਪਰ ਉਹ ਦਲੇਰੀ ਨਾਲ ਲੜਦਾ ਰਿਹਾ। ਹਾਲਤ ਗੰਭੀਰ ਹੋਣ ਕਰਕੇ ਉਸ ਬਠਿੰਡਾ ਲਿਆਂਦਾ ਗਿਆ ਤੇ ਇੱਕ ਪ੍ਰਾਈਵੇਟ ਹਸਪਤਾਲ ਵਿਚ ਦਾਖਲ ਕਰਾਇਆ ਗਿਆ। ਉਧਰ ਐਸ.ਐਸ.ਪੀ ਨੇ ਇਸ ਘਟਨਾ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਕਥਿਤ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਤੇ ਉਨ੍ਹਾਂ ਵਿਰੁੱਧ ਲੁੱਟ ਖੋਹ ਕਰਨ ਅਤੇ ਪੁਲਸ ਪਾਰਟੀ 'ਤੇ ਹਮਲਾ ਕਰਨ ਦੇ ਦੋਸ਼ਾਂ ਹੇਠ ਥਾਣਾ ਨੰਦਗੜ੍ਹ ਵਿੱਚ ਪਰਚੇ ਦਰਜ ਕੀਤੇ ਜਾ ਰਹੇ ਹਨ ਤੇ ਮਾਮਲੇ ਦੀ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ। ਪਤਾ ਲੱਗਾ ਹੈ ਕਿ ਇੱਕ ਬਿਨਾਂ ਨੰਬਰ ਸਵਿਫਟ ਕਾਰ ਵਿੱਚ ਸਵਾਰ ਇਹ ਲੁਟੇਰੇ ਭੁੱਚੋ ਇਲਾਕੇ ਨਾਲ ਸਬੰਧਤ ਦੱਸੇ ਜਾ ਰਹੇ ਹਨ। ਮੁੱਢਲੀ ਸੂਚਨਾ ਤਾਂ ਇਹ ਵੀ ਮਿਲੀ ਹੈ ਕਿ ਕਥਿਤ ਦੋਸ਼ੀਆਂ ਵੱਲੋਂ ਪਿੱਛੇ ਵੀ ਕੋਈ ਵੱਡੀ ਲੁੱਟਖੋਹ ਕੀਤੀ ਸੀ ਤੇ ਜਿਸ ਕਾਰ ਵਿਚ ਉਹ ਸਵਾਰ ਸਨ, ਉਹ ਵੀ ਖੋਹੀ ਦੱਸੀ ਜਾ ਰਹੀ ਹੈ, ਹਾਲਾਂਕਿ ਪੁਲਿਸ ਅਧਿਕਾਰੀਆਂ ਨੇ ਕਿਹਾ ਹੈ ਕਿ ਇਸਦੀ ਜਾਂਚ ਕੀਤੀ ਜਾ ਰਹੀ ਹੈ। ਸੂਚਨਾ ਮੁਤਾਬਕ ਬੁੱਧਵਾਰ ਸ਼ਾਮ ਕਰੀਬ 6 ਵਜੇ ਨੰਦਗੜ੍ਹ ਤੋਂ ਬਾਦਲ ਰੋਡ ਦੇ ਕੋਲ ਪਿੰਡ ਕਾਲਝਰਾਣੀ ਨਜ਼ਦੀਕ ਐਮਾਜੋਨ ਕੰਪਨੀ ਦਾ ਡਲਿਵਰੀ ਵਾਲਾ ਲੜਕਾ ਜਾ ਰਿਹਾ ਸੀ, ਜਿਨ੍ਹਾਂ ਨੂੰ ਬਿਨਾਂ ਨੰਬਰੀ ਕਾਰ ਵਿੱਚ ਸਵਾਰ ਚਾਰ ਨੌਜਵਾਨਾਂ ਨੇ ਲੁੱਟ ਲਿਆ। ਇਸ ਦੌਰਾਨ ਉਹ ਮੌਕੇ ਤੋਂ ਫਰਾਰ ਹੋ ਗਏ। ਇਨ੍ਹਾਂ ਲੁਟੇਰਿਆਂ ਦੇ ਫਰਾਰ ਹੋਣ ਤੋਂ ਕੁੱਝ ਸਮੇਂ ਬਾਅਦ ਹੀ ਇਲਾਕੇ 'ਚ ਗਸ਼ਤ ਕਰ ਰਹੀ ਪੰਜਾਬ ਪੁਲਸ ਦੀ ਸ਼ਰਾਬ ਤਸਕਰਾਂ ਨੂੰ ਫੜਨ ਲਈ ਬਣੀ ਵਿਸ਼ੇਸ਼ ਟੀਮ ਵੀ ਗੱਡੀ ਲੈ ਕੇ ਮੌਕੇ 'ਤੇ ਪੁੱਜ ਗਈ। ਇਸਦੀ ਜਾਣਕਾਰੀ ਇਸ ਟੀਮ ਨੂੰ ਦਿੱਤੀ, ਜਿਨ੍ਹਾਂ ਕੰਟਰੋਲ ਰੂਮ 'ਤੇ ਸੂਚਨਾ ਦੇਣ ਤੋਂ ਇਲਾਵਾ ਲੁਟੇਰਿਆਂ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਇਸ ਟੀਮ ਨਾਲ ਸ਼ਰਾਬ ਦੇ ਠੇਕੇਦਾਰਾਂ ਦੇ ਨੌਜਵਾਨ ਵੀ ਨਾਲ ਹੀ ਸਨ। ਇਸ ਦੌਰਾਨ ਚੱਕ ਅਤਰ ਸਿੰਘ ਵਾਲਾ ਤੋਂ ਧੁੰਨੀਕੇ ਰੋਡ ਲਿੰਕ ਰੋਡ 'ਤੇ ਪੁਲਸ ਪਾਰਟੀ ਨੇ ਲੁਟੇਰਿਆਂ ਦੇ ਅੱਗੇ ਗੱਡੀ ਲਾ ਕੇ ਕਾਰ ਨੂੰ ਰੋਕ ਲਿਆ। ਸੂਚਨਾ ਮੁਤਾਬਕ ਗੱਡੀ ਰੁਕਦੇ ਹੀ ਸਵਿਫਟ ਕਾਰ ਵਿਚੋਂ ਚਾਰ ਨੌਜਵਾਨ ਉੱਤਰੇ, ਜਿਨ੍ਹਾਂ ਦੇ ਹੱਥਾਂ ਵਿੱਚ ਕ੍ਰਿਪਾਨਾਂ ਤੇ ਹੋਰ ਤੇਜ਼ਧਾਰ ਹਥਿਆਰ ਸਨ, ਨੇ ਪੁਲਸ ਪਾਰਟੀ 'ਤੇ ਹਮਲਾ ਕਰ ਦਿੱਤਾ। ਇਸ ਹਮਲੇ 'ਚ ਹੌਲਦਾਰ ਕਿੱਕਰ ਸਿੰਘ ਦਾ ਹੱਥ ਬੁਰੀ ਤਰ੍ਹਾਂ ਕੱਟਿਆ ਗਿਆ। ਇਸ ਮੌਕੇ ਦੋ ਲੁਟੇਰਿਆਂ ਨੂੰ ਤਾਂ ਮੌਕੇ 'ਤੇ ਹੀ ਕਾਬੂ ਕਰ ਲਿਆ ਗਿਆ ਅਤੇ ਦੋ ਖੇਤਾਂ ਵੱਲ ਭੱਜ ਨਿਕਲੇ, ਜਿਨ੍ਹਾਂ ਨੂੰ ਪੁਲਸ ਟੀਮ ਤੇ ਲੋਕਾਂ ਨੇ ਦਬੋਚ ਲਿਆ। ਸੂਚਨਾ ਮਿਲਦੇ ਹੀ ਥਾਣਾ ਨੰਦਗੜ੍ਹ ਦੀ ਪੁਲਸ ਟੀਮ ਅਤੇ ਹੋਰ ਫੋਰਸ ਵੀ ਪੁੱਜ ਗਈ, ਜਿਸਤੋਂ ਬਾਅਦ ਚਾਰਾਂ ਨੂੰ ਗ੍ਰਿਫ਼ਤਾਰ ਕਰਕੇ ਬਠਿੰਡਾ ਲਿਆਂਦਾ ਗਿਆ, ਜਦਕਿ ਜ਼ਖ਼ਮੀ ਹੌਲਦਾਰ ਕਿੱਕਰ ਸਿੰਘ ਨੂੰ ਸਭ ਤੋਂ ਪਹਿਲਾਂ ਘੁੱਦਾ ਦੇ ਸਿਵਲ ਹਸਪਤਾਲ ਵਿਚ ਲਿਆਂਦਾ ਗਿਆ, ਜਿੱਥੇ ਮੁੱਢਲਾ ਇਲਾਜ ਕਰਨ ਤੋਂ ਬਾਅਦ ਬਠਿੰਡਾ ਸਿਵਲ ਹਸਪਤਾਲ ਭੇਜ ਡਾਕਟਰਾਂ ਨੇ ਦੇਖਦੇ ਹੋਏ ਪ੍ਰਾਈਵੇਟ ਹਸਪਤਾਲ ਭੇਜ ਦਿੱਤਾ ਗਿਆ।

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ



**ਜ਼ੀਰਾ (ਨਰਿੰਦਰ ਅਨੇਜਾ)**-ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਬਲਾਕ ਜ਼ੀਰਾ ਦੀ ਮਹੀਨਾਵਾਰ ਇਕੱਤਰਤਾ ਪ੍ਰਧਾਨ ਡਾਕਟਰ ਗੁਰਦਿੱਤ ਸਿੰਘ ਦੀ ਪ੍ਰਧਾਨਗੀ, ਸਰਪ੍ਰਸਤ ਡਾਕਟਰ ਆਤਮਾ ਤੇ ਵਾਈਸ ਪ੍ਰੈੱਸ ਸਕੱਤਰ ਡਾਕਟਰ ਬਚਿੱਤਰ ਸਿੰਘ ਦੀ ਅਗਵਾਈ ਹੇਠ ਸੁਖਮਨੀ ਹਸਪਤਾਲ ਜ਼ੀਰਾ ਵਿਖੇ ਹੋਈ, ਜਿਸ ਵਿੱਚ ਪਿੰਡਾਂ ਤੇ ਸ਼ਹਿਰਾਂ ਦੇ ਸਲੱਮ ਏਰੀਆ ਵਿੱਚ ਕੰਮ ਕਰਦੇ ਪ੍ਰੈਕਟੀਸ਼ਨਰਾਂ ਨੂੰ ਆ ਰਹੀਆਂ ਸਮੱਸਿਆਵਾਂ 'ਤੇ ਵਿਚਾਰਾਂ ਕੀਤੀਆਂ ਗਈਆਂ ਤੇ ਉਨ੍ਹਾਂ ਦੇ ਨਿਪਟਾਰੇ ਕੀਤੇ ਗਏ। ਪ੍ਰਧਾਨ ਡਾਕਟਰ ਗੁਰਦਿੱਤ ਸਿੰਘ ਤੇ ਡਾਕਟਰ ਬਚਿੱਤਰ ਸਿੰਘ ਨੇ ਵੱਖ ਵੱਖ ਪਿੰਡਾਂ ਤੇ ਸ਼ਹਿਰਾਂ ਦੇ ਸਲੱਮ ਏਰੀਆ 'ਚ ਕੰਮ ਕਰਦੇ ਪ੍ਰੈਕਟੀਸ਼ਨਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਰੇ ਸਾਫ਼ ਸੁਥਰਾ ਕੰਮ ਕਰੋ। ਮਣੀਪੁਰ 'ਚ ਵਾਪਰੀ ਸ਼ਰਮਨਾਕ, ਅੱਤ ਘਿਨਾਉਣੀ ਤੇ ਦੁੱਖਦਾਈ ਘਟਨਾ ਬਾਰੇ ਬੋਲਦਿਆਂ ਸਰਪ੍ਰਸਤ ਡਾਕਟਰ ਆਤਮਾ ਸਿੰਘ ਤੇ ਸੀਨੀਅਰ ਆਗੂ ਡਾਕਟਰ ਸੁਰਜੀਤ ਸਿੰਘ ਨੇ ਪੁਰਜ਼ੋਰ ਸ਼ਬਦਾਂ 'ਚ ਨਿੰਦਿਆਂ ਕਰਦਿਆਂ ਬੇਹੱਦ ਦੁੱਖ ਦਾ ਪ੍ਰਗਟਾਵਾ ਕੀਤਾ। ਯੂਨੀਅਨ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੰਦਿਆਂ ਮੀਤ ਪ੍ਰਧਾਨ ਡਾਕਟਰ ਅਜਮੇਰ ਸਿੰਘ ਢੇਰੂ ਸਿੰਘ ਤੇ ਡਾਕਟਰ ਬੋਹੜ ਸਿੰਘ ਸਿੰਘ ਨੇ ਦੱਸਿਆ ਕਿ ਕੁਦਰਤ ਦੀ ਕਰੋਪੀ ਦਾ ਸ਼ਿਕਾਰ ਹੋਏ ਹੜ੍ਹ ਪ੍ਰਭਾਵਿਤ ਲੋਕਾਂ ਲਈ ਪਿਛਲੇ ਦਿਨੀਂ ਯੂਨੀਅਨ ਦੀਆਂ ਪੰਜ-ਛੇ ਟੀਮਾਂ ਵੱਲੋਂ ਸੁਖਮਨੀ ਹਸਪਤਾਲ ਜ਼ੀਰਾ ਤੇ ਸੇਠੀ ਮੈਡੀਕਲ ਹਾਲ ਜ਼ੀਰਾ ਦੀ ਸਹਾਇਤਾ ਨਾਲ ਹੜ੍ਹਾਂ ਨਾਲ ਪ੍ਰਭਾਵਿਤ ਪਿੰਡਾਂ ਦੇ ਦੂਰ ਦੁਰਾਡੇ ਇਲਾਕਿਆਂ ਵਿੱਚ ਪਹੁੰਚ ਕੇ ਮੈਡੀਕਲ ਸਹੂਲਤਾਂ ਮੁਹੱਈਆ ਕਰਵਾਈਆਂ ਗਈਆਂ ਤੇ ਅੱਗੇ ਵੀ ਜ਼ਰੂਰਤ ਪੈਣ 'ਤੇ ਮੈਡੀਕਲ ਸਹੂਲਤਾਂ ਜਾਰੀ ਰਹਿਣਗੀਆਂ। ਮੀਟਿੰਗ ਵਿੱਚ ਸੁਖਮਨੀ ਹਸਪਤਾਲ ਜ਼ੀਰਾ ਦੀ ਟੀਮ ਨੇ ਆਪਣੇ ਹਸਪਤਾਲ ਬਾਰੇ ਜਾਣਕਾਰੀ ਦਿੱਤੀ ਤੇ ਅਖ਼ੀਰ 'ਚ ਪ੍ਰਧਾਨ ਡਾਕਟਰ ਗੁਰਦਿੱਤ ਸਿੰਘ ਨੇ ਸਾਰੇ ਮੈਂਬਰਾਂ ਤੇ ਸੁਖਮਨੀ ਹਸਪਤਾਲ ਦੀ ਟੀਮ ਦਾ ਧੰਨਵਾਦ ਕੀਤਾ। ਮੀਟਿੰਗ ਵਿੱਚ ਪ੍ਰਧਾਨ ਡਾਕਟਰ ਗੁਰਦਿੱਤ ਸਿੰਘ ਤੋਂ ਇਲਾਵਾ ਵੱਡੀ ਗਿਣਤੀ 'ਚ ਪ੍ਰੈਕਟੀਸ਼ਨਰਜ਼, ਸੀਨੀਅਰ ਮੀਤ ਪ੍ਰਧਾਨ ਜਸਵਿੰਦਰ ਸਿੰਘ ਸੋਢੀ ਵਾਲਾ, ਜਨਰਲ ਸਕੱਤਰ ਹਰਵਿੰਦਰ ਸਿੰਘ, ਵਾਈਸ ਜਨਰਲ ਸਕੱਤਰ ਜਗਮੀਤ ਸਿੰਘ, ਚੇਅਰਮੈਨ ਜਰਨੈਲ ਸਿੰਘ, ਕੈਸ਼ੀਅਰ ਗੁਰਪ੍ਰੀਤ ਸਿੰਘ, ਵਾਈਸ ਕੈਸ਼ੀਅਰ ਕੁਲਬੀਰ ਸਿੰਘ, ਪ੍ਰੈੱਸ ਸਕੱਤਰ ਵਰਿੰਦਰ ਸਿੰਘ, ਸਟੇਜ ਸਕੱਤਰ ਸੰਤੋਖ ਸਿੰਘ, ਵਾਈਸ ਸਟੇਜ ਸਕੱਤਰ ਗੁਰਜੀਤ ਸਿੰਘ ਪੰਡੋਰੀ, ਸਲਾਹਕਾਰ ਹਰਬੰਸ ਸਿੰਘ, ਸ਼ਮਸ਼ੇਰ ਸਿੰਘ, ਸਲਵਿੰਦਰ ਸਿੰਘ, ਸੀਨੀਅਰ ਆਗੂ ਸੁਖਦੀਪ ਸਿੰਘ ਤੇ ਬਲਜੀਤ ਸਿੰਘ, ਧਰਮਿੰਦਰ ਸਿੰਘ ਬਲਖੰਡੀ, ਜੋਗਿੰਦਰ ਸਿੰਘ, ਜਸਕਰਨ ਸਿੰਘ, ਗੁਰਵਿੰਦਰ ਸਿੰਘ ਲਹੁਕੇ ਆਦਿ ਸ਼ਾਮਲ ਹੋਏ।

# ਇਲਾਕੇ 'ਚ ਨਸ਼ਿਆਂ ਨਾਲ ਹੋ ਰਹੀਆਂ ਮੌਤਾਂ ਲਈ ਪੁਲਸ ਪ੍ਰਸ਼ਾਸਨ ਜ਼ਿੰਮੇਵਾਰ : ਢਿੱਲੋਂ



ਸ਼੍ਰਅਦ ਦੇ ਜਨਰਲ ਸਕੱਤਰ ਪਰਮਜੀਤ ਸਿੰਘ ਢਿੱਲੋਂ ਅਕਾਲੀ ਆਗੂਆਂ ਨਾਲ ਸੱਦੀ ਗਈ ਪ੍ਰੈੱਸ ਕਾਨਫਰੰਸ 'ਚ ਜਾਣਕਾਰੀ ਦਿੰਦੇ ਹੋਏ।

**ਸਮਰਾਲਾ (ਸੁਰਜੀਤ ਸਿੰਘ)**-ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਪਰਮਜੀਤ ਸਿੰਘ ਢਿੱਲੋਂ ਨੇ ਪਾਰਟੀ ਦੇ ਮੁੱਖ ਦਫਤਰ 'ਚ ਸਮੁੱਚੇ ਅਕਾਲੀ ਆਗੂਆਂ ਤੇ ਵਰਕਰਾਂ ਨਾਲ ਇਲਾਕੇ 'ਚ ਵਧਦੇ ਜਾ ਰਹੇ ਨਸ਼ਿਆਂ ਖਿਲਾਫ਼ ਇੱਕ ਪ੍ਰੈੱਸ ਕਾਨਫਰੰਸ ਕੀਤੀ। ਪ੍ਰੈੱਸ ਨੂੰ ਸੰਬੋਧਨ ਕਰਦਿਆਂ ਪਰਮਜੀਤ ਸਿੰਘ ਢਿੱਲੋਂ ਨੇ ਕਿਹਾ ਕਿ ਹਲਕਾ ਸਮਰਾਲਾ ਅਧੀਨ ਪੈਂਦੇ ਇਲਾਕੇ ਸ੍ਰੀ ਮਾਛੀਵਾੜਾ ਸਾਹਿਬ ਦੇ ਵੱਖ-ਵੱਖ ਪਿੰਡਾਂ 'ਚ ਚਿੱਟੇ ਤੇ ਨਸ਼ੀਲੇ ਪਾਊਡਰ ਨਾਲ ਹੋ ਰਹੀਆਂ ਨੌਜਵਾਨਾਂ ਦੀਆਂ ਮੌਤਾਂ ਲਈ ਪੁਲਸ ਪ੍ਰਸ਼ਾਸਨ ਹੀ ਸਿੱਧੇ ਤੌਰ 'ਤੇ ਜ਼ਿੰਮੇਵਾਰ ਹੈ, ਕਿਉਂਕਿ ਜੇਕਰ ਪੁਲਸ ਨੇ ਬੀਤੇ ਸਮੇਂ ਦੌਰਾਨ ਹੀ ਨਸ਼ਿਆਂ ਖਿਲਾਫ ਸਖਤੀ ਵਿਖਾ ਕੇ ਇਸ ਦੇ ਸਪਲਾਇਰਾਂ ਨੂੰ ਕੁਝ ਸਮਾਂ ਪਹਿਲਾਂ ਹੀ ਕਾਬੂ ਕਰਕੇ ਸਲਾਖਾਂ ਪਿੱਛੇ ਡੱਕਿਆ ਹੁੰਦਾ ਤਾਂ ਅੱਜ ਨਸ਼ੇ ਦੀ ਗ੍ਰਿਫਤ 'ਚ ਆ ਕੇ ਮਰਨ ਵਾਲੇ ਤਿੰਨੋਂ ਨੌਜਵਾਨ ਆਪਣੇ ਪਰਿਵਾਰ 'ਚ ਬੈਠੇ ਹੁੰਦੇ। ਢਿੱਲੋਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਸੱਤਾ 'ਚ ਆਉਣ ਤੋਂ ਪਹਿਲਾਂ ਪੰਜਾਬ 'ਚ ਨਸ਼ਾ ਮੁਕੰਮਲ ਤੌਰ 'ਤੇ ਖਤਮ ਕਰਨ ਦਾ ਦਾਅਵਾ ਕੀਤਾ ਸੀ ਤੇ ਇਹ ਬਿਆਨ ਵੀ ਦਿੱਤਾ ਸੀ ਕਿ ਜਿਸ ਇਲਾਕੇ 'ਚ ਨਸ਼ਾ ਵਿਕਦਾ ਫੜਿਆ ਗਿਆ ਤਾਂ ਸਿੱਧੇ ਤੌਰ 'ਤੇ ਉਸ ਇਲਾਕੇ ਦਾ ਐੱਸ.ਐੱਚ.ਓ. ਜ਼ਿੰਮੇਵਾਰ ਹੋਵੇਗਾ। ਕੀ ਹੁਣ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਮਾਛੀਵਾੜਾ ਸਾਹਿਬ ਦੇ ਐੱਸ.ਐੱਚ.ਓ. 'ਤੇ ਕੋਈ ਕਾਰਵਾਈ ਕਰਨਗੇ, ਜਾਂ ਫਿਰ ਇਹ ਫੋਕੀ ਬਿਆਨਬਾਜ਼ੀ ਸਿਰਫ ਸਸਤੀ ਸ਼ੋਹਰਤ ਹਾਸਲ ਕਰਨ ਲਈ ਹੀ ਕੀਤੀ ਜਾਂਦੀ ਹੈ? ਪਰਮਜੀਤ ਢਿੱਲੋਂ ਨੇ ਕਿਹਾ ਕਿ ਨਸ਼ਿਆਂ ਨਾਲ ਹੋਈਆਂ ਮੌਤਾਂ ਤੋਂ ਬਾਅਦ ਖੰਨਾ ਦੀ ਐੱਸ.ਐੱਸ.ਪੀ. ਵੱਲੋਂ ਨਸ਼ਿਆਂ 'ਤੇ ਕਾਬੂ ਪਾਉਣ ਲਈ ਮੌਕੇ 'ਤੇ ਪੁੱਜ ਕੇ ਅਧਿਕਾਰੀਆਂ ਨੂੰ ਸਖਤ ਹਦਾਇਤਾਂ ਜਾਰੀਆਂ ਕੀਤੀਆਂ ਗਈਆਂ, ਜੋ ਸ਼ਲਾਘਾਯੋਗ ਹਨ, ਪਰ ਅਜੇ ਵੀ ਪੁਲਸ ਪ੍ਰਸ਼ਾਸਨ ਵੱਲੋਂ ਪਰਚਿਆਂ ਦੀ ਗਿਣਤੀ ਤਾਂ ਵਧਾ ਚੜ੍ਹਾ ਕੇ ਦੱਸੀ ਜਾ ਰਹੀ ਹੈ, ਪਰ ਇਨ੍ਹਾਂ ਪਰਚਿਆਂ 'ਚ ਬਰਾਮਦਗੀ 5 ਗ੍ਰਾਮ, 10 ਗ੍ਰਾਮ ਜਾਂ 20 ਗ੍ਰਾਮ ਤੋਂ ਵੱਧ ਨਹੀਂ ਹੈ। ਪੁਲਸ ਛੋਟੇ-ਮੋਟੇ ਨਸ਼ੇੜੀਆਂ ਤੇ ਤਸਕਰਾਂ ਨੂੰ ਕਾਬੂ ਕਰਕੇ ਵਾਹ-ਵਾਹ ਖੱਟ ਰਹੀ ਹੈ, ਪਰ ਵੱਡੇ ਸਪਲਾਇਰਾਂ 'ਚੋਂ ਕਿਸੇ ਨੂੰ ਵੀ ਹੱਥ ਨਹੀਂ ਪਾਇਆ ਗਿਆ, ਜਿਸ ਦੇ ਨਾਲ ਇਲਾਕੇ 'ਚ ਨਸ਼ੇ ਦੀ ਸਪਲਾਈ ਕੁਝ ਦਿਨਾਂ ਲਈ ਹੀ ਰੁਕੇਗੀ ਤੇ ਮਗਰੋਂ ਮਾਮਲਾ ਠੰਡਾ ਹੋਣ 'ਤੇ ਫਿਰ ਤੇਜ਼ੀ ਫੜ ਲਵੇਗੀ, ਜਿਸ ਨੂੰ ਸ਼੍ਰੋਮਣੀ ਅਕਾਲੀ ਦਲ ਕਦੇ ਵੀ ਬਰਦਾਸ਼ਤ ਨਹੀਂ ਕਰੇਗਾ। ਪਰਮਜੀਤ ਢਿੱਲੋਂ ਨੇ ਸਰਕਾਰ ਤੇ ਪੁਲਸ ਪ੍ਰਸ਼ਾਸਨ ਨੂੰ ਚਿਤਾਵਨੀ ਦਿੱਤੀ ਕਿ ਉਹ ਨਸ਼ਿਆਂ ਦੇ ਨੈੱਟਵਰਕ ਨੂੰ ਤੋੜਨ ਲਈ ਵੱਡੇ ਸਪਲਾਇਰਾਂ ਖਿਲਾਫ ਸਖਤ ਕਾਰਵਾਈ ਕਰਨ, ਨਹੀਂ ਤਾਂ ਸ਼੍ਰੋਮਣੀ ਅਕਾਲੀ ਦਲ ਸਰਕਾਰ ਤੇ ਪੁਲਸ ਦੇ ਇਸ ਵਤੀਰੇ ਖਿਲਾਫ਼ ਤਗੜਾ ਸੰਘਰਸ਼ ਵਿੱਢੇਗਾ, ਜਿਸ ਦੀ ਸਾਰੀ ਜ਼ਿੰਮੇਵਾਰੀ ਮੌਜੂਦਾ ਸਰਕਾਰ ਦੀ ਹੋਵੇਗੀ।

ਇਸ ਮੌਕੇ ਜਸਮੇਲ ਸਿੰਘ ਬੌਂਦਲੀ, ਡਾ. ਪਰਵਿੰਦਰ ਸਿੰਘ ਬੱਲੀ, ਹਰਜਤਿੰਦਰ ਸਿੰਘ ਬਾਜਵਾ, ਹਰਦੀਪ ਸਿੰਘ ਬਹਿਲੋਲਪੁਰ, ਜਸਪਾਲ ਸਿੰਘ ਜੱਜ, ਅਮਰੀਕ ਸਿੰਘ ਹੇੜੀਆਂ, ਸੁਰਜੀਤ ਸਿੰਘ ਪੂਰਬਾ, ਸਰਬਜੀਤ ਸਿੰਘ ਢੰਡੇ, ਸੁਖਵਿੰਦਰ ਸਿੰਘ ਢਿੱਲੋਂ, ਚਰਨਜੀਤ ਸਿੰਘ ਲੱਖੋਵਾਲ, ਅੰਮ੍ਰਿਤਪਾਲ ਸਿੰਘ ਗੁਰੋਂ, ਮਲਕੀਤ ਸਿੰਘ ਭੰਗਲਾਂ, ਬਹਾਦਰ ਸਿੰਘ, ਸੰਦੀਪ ਸਿੰਘ ਤੇ ਸੁਰਮੁੱਖ ਸਿੰਘ ਤੋਂ ਇਲਾਵਾ ਹੋਰ ਵਰਕਰ ਹਾਜ਼ਰ ਸਨ।


# ਮਾਂ ਦੇ ਦੁੱਧ ਦੀ ਮਹੱਤਤਾ ਸੰਬੰਧੀ ਜਾਗਰੂਕਤਾ ਕੈਂਪ ਲਾਇਆ

**ਸਮਰਾਲਾ (ਸੁਰਜੀਤ ਸਿੰਘ)**

ਡਾ. ਤਾਰਿਕਜੋਤ ਸਿੰਘ ਸੀਨੀਅਰ ਮੈਡੀਕਲ ਅਫ਼ਸਰ ਸਿਵਲ ਹਸਪਤਾਲ ਅਗਵਾਈ ਹੇਠ ਮਾਂ ਦੇ ਦੁੱਧ ਦੀ ਮਹੱਤਤਾ ਸੰਬੰਧੀ ਲੋਕਾਂ ਨੂੰ ਜਾਣਕਾਰੀ ਦਿੱਤੀ ਗਈ। ਇਸ ਮੌਕੇ ਡਾ. ਤਾਰਿਕਜੋਤ ਸਿੰਘ ਸੀਨੀਅਰ ਮੈਡੀਕਲ ਅਫਸਰ ਨੇ ਦੱਸਿਆ ਕਿ ਜਨਮ ਤੋਂ ਇੱਕ ਘੰਟੇ ਦੇ ਅੰਦਰ ਅੰਦਰ ਨਵਜੰਮੇ ਬੱਚੇ ਨੂੰ ਮਾਂ ਦਾ ਦੁੱਧ ਦੇਣਾ ਬਹੁਤ ਜ਼ਰੂਰੀ ਹੁੰਦਾ ਹੈ। ਇਹ ਪਹਿਲਾ ਬੌਲ੍ਹਾ ਦੁੱਧ ਬੱਚੇ ਲਈ ਟੀਕਾਕਰਨ ਦਾ ਕੰਮ ਕਰਦਾ ਹੈ। 6 ਮਹੀਨੇ ਤੱਕ ਬੱਚੇ ਨੂੰ ਸਿਰਫ ਮਾਂ ਦਾ ਦੁੱਧ ਹੀ ਪਿਲਾਉਣਾ ਚਾਹੀਦਾ ਹੈ। 6 ਮਹੀਨੇ ਬਾਅਦ ਬੱਚੇ ਨੂੰ ਮਾਂ ਦੇ ਦੁੱਧ ਨਾਲ-ਨਾਲ ਘਰ ਵਿੱਚ ਬਣਿਆ ਦਲੀਆ, ਖਿਚੜੀ, ਦਾਲ਼ ਤੇ ਕੇਲਾ (ਮੈਸ਼ ਕਰਕੇ) ਦੇਣਾ ਚਾਹੀਦਾ ਹੈ। ਦੋ ਸਾਲ ਤੱਕ ਮਾਂ ਦਾ ਦੁੱਧ ਅਤੀ ਜ਼ਰੂਰੀ ਹੈ, ਅਜਿਹਾ ਕਰਨ ਨਾਲ ਮਾਂ ਦੀ ਸਿਹਤ ਵੀ ਠੀਕ ਰਹਿੰਦੀ ਹੈ, ਮਾਂ ਦਾ ਵਜ਼ਨ ਕੰਟਰੋਲ ਵਿੱਚ ਰਹਿੰਦਾ ਹੈ ਤੇ ਔਰਤਾਂ ਵਿੱਚ ਹੋਣ ਵਾਲਾ ਛਾਤੀ ਕੈਂਸਰ ਰੋਗ ਦਾ ਖਤਰਾ ਵੀ ਕਾਫੀ ਹੱਦ ਤੱਕ ਘੱਟ ਹੋ ਜਾਂਦਾ ਹੈ। ਇਸ ਮੌਕੇ ਡਾ. ਸੁਖਵਿੰਦਰ ਕੌਰ (ਔਰਤਾਂ ਦੇ ਮਾਹਿਰ), ਡਾ. ਨਵਜੋਤ ਕੌਰ (ਔਰਤਾਂ ਦੇ ਮਾਹਿਰ), ਡਾ. ਲਖਵਿੰਦਰ ਸਿੰਘ (ਐਨਸਥੀਸੀਆ, ਬੇਹੋਸ਼ੀ ਦੇ ਮਾਹਿਰ), ਨਰਸਿੰਗ ਸਿਸਟਰ ਅਪਵਿੰਦਰ ਕੌਰ, ਏ ਐਨ ਐਮ ਬਲਦੀਸ਼ ਕੌਰ, ਪ੍ਰਦੀਪ ਕੁਮਾਰ ਸਰਮਾ, ਆਸ਼ਾ ਵਰਕਰਜ਼ ਅਤੇ ਹੋਰ ਸਟਾਫ ਮੌਜੂਦ ਸਨ।

# ਬਾਬਾ ਨਿਧਾਨ ਸਿੰਘ ਜੀ ਇੰਟਰਨੈਸ਼ਨਲ ਸੁਸਾਇਟੀ ਵੱਲੋਂ ਅੰਤਰਰਾਸ਼ਟਰੀ ਸੈਮੀਨਾਰ

## ਸਿੱਖ ਧਰਮ ਦੇ ਪ੍ਰਚਾਰ ਪਸਾਰ 'ਚ ਸੇਵਾ ਤੇ ਲੰਗਰ ਸੰਸਥਾ ਦਾ ਮਿਸਾਲੀ ਯੋਗਦਾਨ : ਖਾਲਸਾ, ਸਰੋਆ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਬਾਬਾ ਨਿਧਾਨ ਸਿੰਘ ਜੀ ਇੰਟਰਨੈਸ਼ਨਲ ਸੁਸਾਇਟੀ ਵੱਲੋਂ 19ਵਾਂ ਸੈਮੀਨਾਰ ਮਾਤਾ ਸਾਹਿਬ ਕੌਰ ਗਰਲਜ਼ ਕਾਲਜ ਗਹਿਲ (ਬਰਨਾਲਾ) ਵਿਖੇ ਕਰਵਾਇਆ ਗਿਆ। ਬਾਬਾ ਨਿਧਾਨ ਸਿੰਘ ਜੀ ਤੇ ਸੰਤ ਜਸਵੀਰ ਸਿੰਘ ਜੀ ਕਾਲਾਮਾਲਾ ਨੂੰ ਸਮਰਪਤ ਇਸ ਸੈਮੀਨਾਰ ਦਾ ਵਿਸ਼ਾ ਸਿੱਖ ਧਰਮ ਦੇ ਪ੍ਰਚਾਰ ਪਸਾਰ ਵਿੱਚ ਸੇਵਾ ਤੇ ਲੰਗਰ ਸੰਸਥਾ ਦਾ ਯੋਗਦਾਨ ਸੀ। ਪ੍ਰੋਗਰਾਮ ਦਾ ਉਦਘਾਟਨ ਕਰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਫਤਹਿਗੜ੍ਹ ਸਾਹਿਬ ਦੇ ਉੱਪ-ਕੁਲਪਤੀ ਡਾ. ਪ੍ਰਿਤਪਾਲ ਸਿੰਘ ਨੇ ਕਿਹਾ ਕਿ ਸਿੱਖ ਧਰਮ ਨੂੰ ਰਵਾਇਤੀ ਪ੍ਰਚਾਰ ਦੇ ਸਾਧਨਾਂ ਦੇ ਨਾਲ ਨਾਲ ਸੇਵਾ ਤੇ ਲੰਗਰਾਂ ਨੂੰ ਵੀ ਸੰਸਾਰ ਪੱਧਰ 'ਤੇ ਫੈਲਾਅ ਨੂੰ ਪ੍ਰਚਾਰ ਦਾ ਸਾਧਨ ਬਣਾਉਣਾ ਚਾਹੀਦਾ ਹੈ। ਉਨ੍ਹਾ ਕਿਹਾ ਕਿ ਇਹ ਸਿੱਖ ਧਰਮ ਦੇ ਅਟੁੱਟ ਅੰਗ ਹਨ ਤੇ ਗੁਰੂ ਸਾਹਿਬਾਨ ਵੱਲੋਂ ਬਖਸ਼ੇ ਇਸ ਸਿਧਾਂਤ ਨੂੰ ਗੁਰੂ ਕਿਰਪਾ ਨਾਲ ਲਾਗੂ ਕਰਨਾ ਚਾਹੀਦਾ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ ਦੇ ਡਾਇਰੈਕਟਰ ਡਾ. ਅਮਰਜੀਤ ਸਿੰਘ ਨੇ ਕਿਹਾ ਕਿ ਗੁਰੂ ਸਾਹਿਬ ਨੇ ਜਾਤਾਂ, ਪਾਤਾਂ ਨਾਲ ਜੁੜੇ ਕੰਮਾਂ ਕਰਕੇ ਜਾਤ ਵੰਡ ਨੂੰ ਨਕਾਰਦਿਆਂ ਸੇਵਾ ਨੂੰ ਉੱਤਮ ਦਰਜਾ ਦਿੱਤਾ, ਜਿਸ ਨੂੰ ਸਮੇਂ ਦਾ ਸਮਾਜ ਘਟੀਆ ਕਾਰਜ ਗਿਣਦਾ ਸੀ। ਉਨ੍ਹਾਂ ਲੰਗਰ ਪ੍ਰਥਾ ਦੇ ਪ੍ਰਚਾਰ ਰਾਹੀਂ ਉਚ-ਨੀਚ ਦੇ ਭੇਦ-ਭਾਵ ਨੂੰ ਵੀ ਮਿਟਾਇਆ। ਡਾ. ਇੰਦਰਜੀਤ ਸਿੰਘ ਗੋਗੋਆਣੀ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਨੂੰ ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ ਦਾ ਸਿਧਾਂਤ ਬਖਸ਼ਿਆ ਅਤੇ ਇਸ 'ਤੇ ਚੱਲਣ ਦੀ ਜੀਵਨ ਜਾਂਚ ਬਖਸ਼ੀ। ਉਨ੍ਹਾ ਕਿਹਾ ਕਿ ਇਨ੍ਹਾਂ ਸਿਧਾਂਤਾਂ 'ਤੇ ਪਹਿਰਾ ਦਿੰਦਿਆਂ ਹੀ ਬਾਬਾ ਨਿਧਾਨ ਸਿੰਘ ਜੀ ਤੇ ਬਾਬਾ ਜਸਵੀਰ ਸਿੰਘ ਕਾਲਾਮਾਲਾ ਜੀ ਨੇ ਆਪਣਾ ਜੀਵਨ ਸਿੱਖੀ ਪ੍ਰਚਾਰ ਪਸਾਰ ਨੂੰ ਸਮਰਪਤ ਕੀਤਾ। ਸੰਸਥਾ ਦੇ ਪ੍ਰਿੰਸੀਪਲ ਡਾ. ਗੁਰਵੀਰ ਸਿੰਘ ਨੇ ਪੁੱਜੇ ਵਿਦਵਾਨਾਂ ਤੇ ਸਰੋਤਿਆਂ ਦਾ ਸਵਾਗਤ ਕਰਦਿਆਂ ਸੁਸਾਇਟੀ ਦੇ ਉਪਰਾਲੇ ਦੀ ਸ਼ਲਾਘਾ ਕੀਤੀ ਤੇ ਕਾਲਜ ਦੀਆਂ ਪ੍ਰਾਪਤੀਆਂ ਬਾਰੇ ਵਿਸਥਾਰਤ ਚਾਨਣਾ ਪਾਇਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੰਤ੍ਰਿਗ ਮੈਂਬਰ ਭਾਈ ਪਰਮਜੀਤ ਸਿੰਘ ਖਾਲਸਾ ਨੇ ਸ਼੍ਰੋਮਣੀ ਕਮੇਟੀ ਵੱਲੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਸ ਨਾਲ ਸੰਸਥਾ ਦਾ ਵੱਕਾਰ ਅੰਤਰਰਾਸ਼ਟਰੀ ਪੱਧਰ 'ਤੇ ਉੱਚਾ ਹੋਇਆ ਹੈ। ਉਨ੍ਹਾਂ ਕਾਲਜ ਨੂੰ ਪੰਜ ਲੱਖ ਦੀ ਸਹਾਇਤਾ ਦੇਣ ਦਾ ਵੀ ਐਲਾਨ ਕੀਤਾ। ਇਸ ਮੌਕੇ ਬਾਬਾ ਨਿਧਾਨ ਸਿੰਘ ਜੀ ਇੰਟਰਨੈਸ਼ਨਲ ਸੁਸਾਇਟੀ ਦੇ ਚੇਅਰਮੈਨ ਡਾ: ਪਰਮਜੀਤ ਸਿੰਘ ਸਰੋਆ ਨੇ ਕਿਹਾ ਕਿ ਬਾਬਾ ਨਿਧਾਨ ਸਿੰਘ ਜੀ ਤੇ ਬਾਬਾ ਜਸਵੀਰ ਸਿੰਘ ਕਾਲਾ ਮੱਲ੍ਹਾ ਦਾ ਸੇਵਾ ਲੰਗਰਾਂ ਤੇ ਪਰਉਪਕਾਰੀ ਕਾਰਜਾਂ 'ਚ ਮਿਸਾਲੀ ਯੋਗਦਾਨ ਹੈ। ਇਨ੍ਹਾਂ ਸੇਵਾਵਾਂ ਨਾਲ ਸੰਸਾਰ ਭਰ ਵਿੱਚ ਭਾਸ਼ਾਵਾਂ ਦੇ ਬੰਧਨ ਤੋਂ ਉਪਰ ਉੱਠ ਕੇ ਪ੍ਰਚਾਰ ਪਸਾਰ ਕੀਤਾ ਜਾ ਸਕਦਾ ਹੈ। ਉਨ੍ਹਾ ਸੈਮੀਨਾਰ ਵਿੱਚ ਸ਼ਾਮਲ ਵਿਦਵਾਨਾਂ ਤੇ ਸਰੋਤਿਆਂ ਦਾ ਧੰਨਵਾਦ ਕੀਤਾ। ਸੈਮੀਨਾਰ ਵਿੱਚ ਸ. ਅਮਰਜੀਤ ਸਿੰਘ ਆਸਟ੍ਰੇਲੀਆ, ਡਾ. ਹਰਲੀਨ ਕੌਰ, ਇਸ਼ਮਨਦੀਪ ਕੌਰ ਕੈਨੇਡਾ ਨੇ ਵੀ ਆਪਣੇ ਵਿਚਾਰ ਰੱਖੇ। ਇਸ ਮੌਕੇ ਸੰਤ ਬਾਬਾ ਜਸਵੀਰ ਸਿੰਘ ਕਾਲਾ ਮੱਲ੍ਹਾ ਨੂੰ ਸਮਰਪਤ ਬਹੁਰੰਗਾ ਕੈਲੰਡਰ ਵੀ ਰਿਲੀਜ਼ ਕੀਤਾ ਗਿਆ। ਸੁਸਾਇਟੀ ਵੱਲੋਂ ਆਏ ਵਿਦਵਾਨਾਂ ਤੇ ਪਤਵੰਤੇ ਸੱਜਣਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

# ਸਰਹਿੰਦ ਫੀਡਰ 'ਤੇ ਲੱਗੇ ਲਿਫਟ ਪੰਪ ਬੰਦ ਕਰਨ ਦੇ ਫ਼ੈਸਲੇ ਖਿਲਾਫ਼ ਵਜਾਇਆ ਸੰਘਰਸ਼ ਦਾ ਬਿਗਲ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**

ਪਿਛਲੇ ਦਿਨੀਂ ਪੰਜਾਬ ਸਰਕਾਰ ਦੇ ਨਹਿਰੀ ਮਹਿਕਮੇ ਵੱਲੋਂ ਇੱਕ ਚਿੱਠੀ ਰਾਹੀਂ ਸਰਹਿੰਦ ਫੀਡਰ 'ਤੇ ਲੱਗੇ ਲਿਫ਼ਟ ਪੰਪ ਬੰਦ ਕਰਨ ਦਾ ਤੁਗਲਕੀ ਫਰਮਾਨ ਜਾਰੀ ਕੀਤਾ ਹੈ, ਜਿਸ ਦਾ ਜਥੇਬੰਦੀ ਵੱਲੋਂ ਸਖਤ ਨੋਟਿਸ ਲੈਂਦਿਆਂ ਤਿੱਖਾ ਸੰਘਰਸ਼ ਵਿੱਢਣ ਦਾ ਫ਼ੈਸਲਾ ਕੀਤਾ ਹੈ। ਇਸ ਸਬੰਧੀ ਕਿਰਤੀ ਕਿਸਾਨ ਯੂਨੀਅਨ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਬਲਜੀਤ ਸਿੰਘ ਲੰਡੇ ਰੋਡੇ ਦੀ ਅਗਵਾਈ ਹੇਠ ਭਾਈ ਮਹਾ ਸਿੰਘ ਹਾਲ ਵਿਖੇ ਕੀਤੀ ਗਈ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਸੂਬਾ ਵਿੱਤ ਸਕੱਤਰ ਜਸਵਿੰਦਰ ਸਿੰਘ ਝਬੇਲਵਾਲੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸਰਹੰਦ ਫੀਡਰ ਨਹਿਰ 'ਤੇ ਲੱਗੇ ਲਿਫ਼ਟ ਪੰਪ ਪੁੱਟਣ ਦਾ ਨਾਦਰਸ਼ਾਹੀ ਫ਼ੈਸਲਾ ਕਰਕੇ ਜਿਥੇ ਕਰਜ਼ੇ ਹੇਠ ਦੱਬੀ ਕਿਸਾਨੀ ਦੇ ਜ਼ਖ਼ਮਾਂ 'ਤੇ ਲੂਣ ਛਿੜਕਣ ਦਾ ਕੰਮ ਕੀਤਾ, ਉਥੇ ਭਗਵੰਤ ਮਾਨ ਸਰਕਾਰ ਦਾ ਕਿਸਾਨ ਵਿਰੋਧੀ ਚਿਹਰਾ ਨੰਗੇ ਚਿੱਟੇ ਰੂਪ 'ਚ ਸਾਹਮਣੇ ਆ ਗਿਆ ਹੈ, ਪੰਜਾਬ ਦਾ ਮੁੱਖ ਮੰਤਰੀ ਦਮਗਜੇ ਮਾਰ ਰਿਹਾ ਸੀ ਕਿ ਸਰਕਾਰ ਪੰਜਾਬ ਦੇ ਹਰ ਖੇਤ ਤੱਕ ਨਹਿਰੀ ਪਾਣੀ ਪੁੱਜਦਾ ਕਰਨ ਲਈ ਵਚਨਬੱਧ ਹੈ, ਪਰ ਇਹ ਦਾਅਵੇ ਖੋਖਲੇ ਸਿੱਧ ਹੋਏ ਕਿਉਂਕਿ ਜ਼ਮੀਨੀ ਹਕੀਕਤ ਬਿਲਕੁਲ ਉਲਟ ਹੈ, ਹਰ ਖੇਤ ਨੂੰ ਨਹਿਰੀ ਪਾਣੀ ਦੇਣਾ ਤਾਂ ਦੂਰ ਦੀ ਗੱਲ, ਸਗੋਂ ਹਜ਼ਾਰਾਂ ਕਿਸਾਨ ਜੋ ਕਈ ਕਈ ਸਾਲਾਂ ਤੋਂ ਲਿਫਟ ਪੰਪਾਂ ਰਾਹੀਂ ਨਹਿਰੀ ਪਾਣੀ ਦੀ ਸਹੂਲਤ ਲੈ ਰਹੇ ਸਨ। ਹੁਣ ਸਰਕਾਰ ਉਸ ਨੂੰ ਤੁਗਲਕੀ ਹੁਕਮਾਂ ਰਾਹੀਂ ਬੰਦ ਕਰਨ ਲਈ ਬਜ਼ਿਦ ਹੋਈ ਪਈ ਹੈ। ਉਨ੍ਹਾਂ ਦੱਸਿਆ ਕਿ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦੀ ਧਰਤੀ ਹੇਠਲਾ ਪਾਣੀ ਬੇਹੱਦ ਜ਼ਹਿਰੀਲਾ ਹੋਣ ਕਾਰਨ ਨਾ ਇਹ ਪਾਣੀ ਪੀਣ ਯੋਗ ਹੈ, ਨਾ ਸਿੰਚਾਈ ਯੋਗ। ਇਸ ਲਈ ਕਿਸਾਨ ਆਪਣੀ ਫ਼ਸਲ ਨਹਿਰੀ ਪਾਣੀ ਤੋਂ ਬਿਨਾਂ ਪੈਦਾ ਕਰਨ ਲਈ ਸੋਚ ਵੀ ਨਹੀਂ ਸਕਦਾ, ਪਰ ਹੁਣ ਜਦੋਂ ਸਰਕਾਰ ਵੱਲੋਂ 290 ਲਿਫਟ ਪੰਪ ਜਿਹੜੇ ਫ਼ਰੀਦਕੋਟ ਤੇ ਮੁਕਤਸਾਰ ਕੋਲ ਲੰਘਦੀ ਸਰਹਿੰਦ ਫੀਡਰ ਨਹਿਰ 'ਤੇ ਲੱਗੇ ਹਨ ਤੇ ਹਜ਼ਾਰਾਂ ਏਕੜ ਜ਼ਮੀਨ ਨੂੰ ਨਹਿਰੀ ਪਾਣੀ ਦੀ ਸਹੂਲਤ ਦੇ ਰਹੇ ਹਨ, ਬੰਦ ਕਰਨ ਜਾ ਰਹੀ ਹੈ। ਇਸ ਤੁਗਲਕੀ ਫਰਮਾਨ ਕਰਕੇ ਲੱਖਾਂ ਕਿਸਾਨਾਂ ਦੀ ਹਜ਼ਾਰਾਂ ਏਕੜ ਜ਼ਮੀਨ ਬੰਜਰ ਹੋ ਜਾਵੇਗੀ। ਜਥੇਬੰਦੀ ਸਰਕਾਰ ਦੇ ਇਸ ਫੈਸਲੇ ਨੂੰ ਕਦਾਚਿਤ ਬਰਦਾਸ਼ਤ ਨਹੀਂ ਕਰੇਗੀ। ਜਥੇਬੰਦੀ ਦੇ ਜ਼ਿਲ੍ਹਾ ਸਕੱਤਰ ਜਥੇਦਾਰ ਹਰਪ੍ਰੀਤ ਸਿੰਘ ਝਬੇਲਵਾਲੀ ਤੇ ਮੀਤ ਪ੍ਰਧਾਨ ਨਿਰਮਲ ਸਿੰਘ ਗੋਨਿਆਣਾ ਨੇ ਕਿਹਾ ਕਿ ਸਮੇਂ ਦੀਆਂ ਸਰਕਾਰਾਂ ਭਾਵੇਂ ਸੂਬਿਆਂ ਦੀ ਹੋਣ ਜਾਂ ਕੇਂਦਰ ਦੀਆਂ ਨੇ ਹਮੇਸ਼ਾ ਪੰਜਾਬ ਨਾਲ ਧ੍ਰੋਹ ਕਮਾਇਆ।

ਉਨ੍ਹਾਂ ਕਿਹਾ ਕਿ ਭਗਵੰਤ ਮਾਨ ਦੀ ਸਰਕਾਰ ਹੁਣ ਤੱਕ ਰਾਜ ਕਰਨ ਵਾਲੀਆਂ ਰੰਗ-ਬਰੰਗੀਆਂ ਸਰਕਾਰਾਂ ਨਾਲੋਂ ਵੀ ਦੋ ਕਦਮ ਹੋਰ ਅੱਗੇ ਵਧ ਕੇ ਕਿਸਾਨ ਮਾਰੂ ਫੈਸਲੇ ਕਰ ਰਹੀ ਹੈ। ਪਿਛਲੇ ਸਮੇਂ ਤੋਂ ਥੋੜ੍ਹੀਆਂ ਮੋਟੀਆਂ ਨਹਿਰੀ ਪਾਣੀ ਦੀਆਂ ਸਹੂਲਤਾਂ ਮਿਲੀਆਂ ਸੀ, ਉਨ੍ਹਾਂ ਨੂੰ ਵੀ ਖੋਣ ਦੇ ਰਾਹ ਪੈ ਗਈ ਹੈ। ਚੱਲ ਰਹੇ ਲਿਫਟ ਪੰਪ ਬੰਦ ਕਰਨੇ ਜਾਂ ਮੋਘਿਆਂ ਦੇ ਸਾਇਜ਼ ਛੋਟੇ ਕਰਨੇ ਇਸ ਦੇ ਪੁਖਤਾ ਸਬੂਤ ਲੋਕਾਂ ਸਾਹਮਣੇ ਜਗ ਜ਼ਾਹਰ ਹਨ।

ਆਗੂਆਂ ਨੇ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਕਿਰਤੀ ਕਿਸਾਨ ਯੂਨੀਅਨ ਕਿਸੇ ਹਾਲਤ 'ਚ ਵੀ ਲਿਫਟ ਪੰਪ ਬੰਦ ਨਹੀਂ ਕਰਨ ਦੇਵੇਗੀ। ਸਰਕਾਰ ਦੇ ਕਿਸਾਨ ਮਾਰੂ ਫੈਸਲੇ ਖਿਲਾਫ਼ ਪਿੰਡ ਪਿੰਡ ਜਾ ਕੇ ਲੋਕਾਂ ਨੂੰ ਲਾਮਬੰਦ ਕਰਕੇ ਤਿੱਖਾ ਸੰਘਰਸ਼ ਵਿੱਢੇਗੀ।

# ਬਾਰ ਐਸੋਸੀਏਸ਼ਨ ਵੱਲੋਂ ਐੱਸ ਡੀ ਐੱਮ ਖਿਲਾਫ਼ ਧਰਨਾ



ਐਡਵੋਕੇਟ ਦਲਜੀਤ ਸ਼ਾਹੀ ਤੇ ਵਕੀਲ ਭਾਈਚਾਰਾ ਐਸ ਡੀ ਐਮ ਖਿਲਾਫ਼ ਨਾਅਰੇਬਾਜ਼ੀ ਕਰਦੇ ਹੋਏ।

**ਸਮਰਾਲਾ (ਸੁਰਜੀਤ ਸਿੰਘ)**-ਬਾਰ ਐਸੋਸੀਏਸ਼ਨ ਦੇ ਪ੍ਰਧਾਨ ਦਲਜੀਤ ਸਿੰਘ ਸ਼ਾਹੀ ਐਡੋਵਕੇਟ ਅਤੇ ਸਮੁੱਚਾ ਵਕੀਲ ਭਾਈਚਾਰੇ ਦੇ ਸੱਦੇ 'ਤੇ ਤਹਿਸੀਲ ਸਮਰਾਲਾ ਦੀਆਂ ਸਮਾਜਿਕ, ਧਾਰਮਿਕ ਜਥੇਬੰਦੀਆਂ ਨੇ ਇਕੱਠੇ ਹੋ ਕੇ ਐਸ.ਡੀ.ਐਮ. ਦੀ ਬਦਲੀ ਦੇ ਸਬੰਧ ਵਿੱਚ ਦੂਜੇ ਦਿਨ ਵੀ ਧਰਨਾ ਦਿੱਤਾ ਗਿਆ ਤੇ ਵਕੀਲ ਭਾਈਚਾਰੇ ਵੱਲੋਂ ਪਿਛਲੇ ਕਈ ਦਿਨਾਂ ਤੋਂ ਰੈਵਨਿਊ ਕੋਰਟਾਂ ਦਾ ਬਾਈਕਾਟ ਕੀਤਾ ਹੋਇਆ ਹੈ। ਵੱਖ-ਵੱਖ ਬੁਲਾਰਿਆਂ ਨੇ ਕਿਹਾ ਕਿ ਐਸ.ਡੀ.ਐਮ. ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਦੇ ਹਨ। ਉਨ੍ਹਾਂ ਪਹਿਲਾਂ ਇਲਾਕੇ ਦੇ 11 ਸੀਨੀਅਰ ਸਿਟੀਜ਼ਨਾਂ ਨੂੰ ਅਤੇ ਹੁਣ ਤਾਜ਼ਾ ਇਕ ਲੜਕੀ ਨੂੰ ਜ਼ਮਾਨਤ ਦੇ ਦਸਤਾਵੇਜ਼ ਪੂਰੇ ਹੋਣ ਦੇ ਬਾਵਜੂਦ ਜੇਲ੍ਹ ਭੇਜ ਦਿੱਤਾ ਅਤੇ ਇਸ ਤਰ੍ਹਾਂ ਉਸ ਨੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕੀਤੀ ਹੈ ਅਤੇ ਉਕਤ ਵਿਅਕਤੀਆਂ ਨੂੰ ਨਜਾਇਜ਼ ਤੌਰ ਤੇ ਜੇਲ੍ਹ ਭੇਜ ਕੇ ਆਪਣੇ ਅਧਿਕਾਰਾਂ ਦੀ ਦੁਰਵਰਤੋਂ ਕੀਤੀ ਹੈ। ਇਸ ਦੌਰਾਨ ਕੁਲਦੀਪ ਸਿੰਘ ਬਾਵਾ ਐਸ ਡੀ ਐਮ ਨੇ ਸਾਰੇ ਦੋਸ਼ਾਂ ਨੂੰ ਨਕਾਰਦੇ ਹੋਏ ਕਿਹਾ ਕਿ ਉਨ੍ਹਾਂ ਨੇ ਨਾ ਤਾਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕੀਤੀ ਹੈ ਅਤੇ ਨਾ ਹੀ ਕਦੇ ਕਿਸੇ ਵਿਅਕਤੀ ਨੂੰ ਨਜਾਇਜ਼ ਪ੍ਰੇਸ਼ਾਨ ਹੀ ਕੀਤਾ ਹੈ। ਉਨ੍ਹਾਂ ਕਿਹਾ ਕਿ ਸਾਰਾ ਕੰਮ ਕਾਨੂੰਨ ਦੀ ਹੱਦ ਵਿੱਚ ਰਹਿ ਕੇ ਹੀ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਉਹ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਲੋਕਾਂ ਦੇ ਕੰਮਾਂ ਨੂੰ ਪਹਿਲ ਦੇ ਅਧਾਰ 'ਤੇ ਨਜਿੱਠਦੇ ਹਨ।

ਇਸ ਮੌਕੇ ਅਮਰਜੀਤ ਬਾਲਿਓਂ, ਕਾਮਰੇਡ ਦਰਸ਼ਨ ਸਿੰਘ, ਦੀਪ ਦਿਲਬਰ, ਭਜਨ ਸਿੰਘ, ਕੇਵਲ ਸਿੰਘ ਕੱਦੋਂ, ਹਰਜਿੰਦਰ ਸਿੰਘ ਟੱਪਰੀਆਂ, ਸੰਦੀਪ ਸ਼ਰਮਾ, ਸ਼ਿਵ ਕੁਮਾਰ ਸ਼ਿਵਲੀ, ਰੇਨੂੰ ਬੈਂਸ, ਕਮਾਡੈਂਟ ਰਸ਼ਪਾਲ ਸਿੰਘ, ਨਿਰਮਲ ਸਿੰਘ, ਰਣਜੀਤ ਸਿੰਘ ਨੇ ਵੀ ਆਪਣੇ ਵਿਚਾਰ ਰੱਖੇ। ਵਕੀਲ ਭਾਈਚਾਰੇ ਵਿੱਚੋਂ ਐਡਵੋਕੇਟ ਜਸਪ੍ਰੀਤ ਸਿੰਘ, ਐਨ.ਕੇ. ਸ਼ਰਮਾ, ਗੁਰਜੀਤ ਸਿੰਘ ਮਿੱਠੇਵਾਲ, ਹੇਮਰਾਜ ਕੱਕੜ, ਰੁਪਿੰਦਰ ਕੌਰ, ਬਲਵਿੰਦਰ ਕੌਰ ਤੇ ਹੋਰ ਵਕੀਲ ਭਾਈਚਾਰ ਹਾਜ਼ਰ ਸੀ। ਅਖੀਰ ਵਿੱਚ ਬਾਰ ਦੇ ਪ੍ਰਧਾਨ ਐਡਵੋਕੇਟ ਸ਼ਾਹੀ ਨੇ ਆਈਆਂ ਜਥੇਬੰਦੀਆਂ ਦਾ ਧੰਨਵਾਦ ਕੀਤਾ।

# 2024 ਦੀਆਂ ਚੋਣਾਂ ਨੂੰ ਲੈ ਕੇ ਕਰਾਏ ਜਾ ਰਹੇ ਫਿਰਕੂ ਦੰਗੇ : ਸੀ ਪੀ ਆਈ

**ਲੁਧਿਆਣਾ (ਐਮ ਐਸ ਭਾਟੀਆ, ਰੈਕਟਰ ਕਥੂਰੀਆ)**-ਭਾਰਤੀ ਕਮਿਊਨਿਸਟ ਪਾਰਟੀ ਦੀ ਲੁਧਿਆਣਾ ਜ਼ਿਲ੍ਹਾ ਇਕਾਈ ਨੇ ਨੂਹ ਜ਼ਿਲ੍ਹੇ ਵਿੱਚ ਤਣਾਅਪੂਰਨ ਸਥਿਤੀ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਹੈ ਤੇ ਇਸ ਨੂੰ ਮੋਦੀ ਸਰਕਾਰ ਵੱਲੋਂ 2024 ਦੀਆਂ ਚੋਣਾਂ ਨੂੰ ਮੁੱਖ ਰੱਖ ਕੇ ਕਰਾਏ ਜਾ ਰਹੇ ਹਨ ਫਿਰਕੂ ਦੰਗੇ ਕਰਾਰ ਦਿੱਤਾ ਹੈ। ਇਸ ਤੋਂ ਬਾਅਦ ਦੇਸ਼ ਦੇ ਅਨੇਕਾਂ ਹਿੱਸਿਆਂ ਵਿੱਚੋਂ ਫਿਰਕੂ ਹਿੰਸਾ ਦੀਆਂ ਖ਼ਬਰਾਂ ਸਾਡੀ ਧਰਮ ਨਿਰਪੱਖਤਾ ਅਤੇ ਲੋਕਤੰਤਰ ਲਈ ਬਹੁਤ ਵੱਡਾ ਖਤਰਾ ਹਨ। ਸੀਪੀਆਈ ਦੇ ਜ਼ਿਲ੍ਹਾ ਸਕੱਤਰ ਡੀ.ਪੀ.ਮੌੜ, ਡਾਕਟਰ ਅਰੁਣ ਮਿੱਤਰਾ, ਚਮਕੌਰ ਸਿੰਘ ਅਤੇ ਐਮ.ਐਸ. ਭਾਟੀਆ, ਰਮੇਸ਼ ਰਤਨ ਤੇ ਵਿਜੇ ਕੁਮਾਰ ਨੇ ਕਿਹਾ ਕਿ ਮਨੀਪੁਰ ਤੋਂ ਬਾਅਦ ਹਰਿਆਣਾ ਵਿੱਚ ਮਨੋਹਰ ਲਾਲ ਖੱਟਰ ਦੀ ਆਰ.ਐਸ.ਐਸ-ਭਾਜਪਾ ਦੀ ਸਰਕਾਰ ਮੇਵਾਤ ਨੂੰ ਫਿਰਕੂ ਤਰੀਕੇ ਨਾਲ ਨਿਸ਼ਾਨਾ ਬਣਾਇਆ ਗਿਆ ਹੈ। ਹੁਣ ਜੋ ਕੁਝ ਵਾਪਰਿਆ ਹੈ, ਉਹ ਸੋਚੀ ਸਮਝੀ ਸਾਜ਼ਿਸ਼ ਦਾ ਨਤੀਜਾ ਹੈ। ਜ਼ਿੰਮੇਵਾਰ ਲੋਕਾਂ ਦੇ ਪ੍ਰਸ਼ਾਸਨ ਨੂੰ ਮਿਲ ਕੇ ਚਿਤਾਵਨੀ ਦਿੱਤੀ ਜਾਣ ਦੇ ਬਾਵਜੂਦ ਇਸ ਯਾਤਰਾ ਨੂੰ ਕੱਢਣ ਦੀ ਇਜਾਜ਼ਤ ਹੀ ਨਹੀਂ ਦਿੱਤੀ, ਸਗੋਂ ਹੋਰ ਲੋੜੀਂਦੇ ਕਦਮ ਵੀ ਨਹੀਂ ਚੁੱਕੇ ਗਏ। ਭਾਰਤੀ ਕਮਿਊਨਿਸਟ ਪਾਰਟੀ ਨੇ ਸਮੂਹ ਨਾਗਰਿਕਾਂ ਨੂੰ ਆਪਸੀ ਸਦਭਾਵਨਾ ਬਣਾਈ ਰੱਖਣ, ਅਫ਼ਵਾਹਾਂ 'ਤੇ ਧਿਆਨ ਨਾ ਦੇਣ ਅਤੇ ਫਿਰਕੂ ਤੇ ਸਮਾਜ ਵਿਰੋਧੀ ਅਨਸਰਾਂ ਨੂੰ ਮਾਹੌਲ ਖਰਾਬ ਕਰਨ ਦਾ ਮੌਕਾ ਨਾ ਦੇਣ। ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਹਾਲਾਤ ਨੂੰ ਛੇਤੀ ਤੋਂ ਛੇਤੀ ਕਾਬੂ ਵਿੱਚ ਲਿਆਏ। ਪਾਰਟੀ ਆਗੂਆਂ ਨੇ ਖਦਸ਼ਾ ਜਤਾਇਆ ਕਿ ਲੋਕਾਂ ਦੇ ਮਸਲੇ ਹੱਲ ਕਰਨ ਅਤੇ ਮੁੱਖ ਮੁੱਦਿਆਂ 'ਤੇ ਫੇਲ੍ਹ ਰਹਿਣ ਤੋਂ ਬਾਅਦ 2024 ਦੀਆਂ ਲੋਕ ਸਭਾ ਅਤੇ ਕੁੱਝ ਰਾਜਾਂ ਦੀਆਂ ਚੋਣਾਂ ਵਿੱਚ ਹਾਰ ਨੂੰ ਦੇਖਦੇ ਹੋਏ ਭਾਜਪਾ ਅਤੇ ਆਰ.ਐਸ.ਐਸ ਵੱਲੋਂ ਦੇਸ ਦੇ ਹੋਰ ਹਿੱਸਿਆਂ 'ਚ ਵੀ ਇਸੇ ਕਿਸਮ ਦੇ ਫਿਰਕੂ ਵੰਡ ਪਾਊ ਕਾਰੇ ਕੀਤੇ ਜਾਣਗੇ, ਫਿਰਕੂ ਮਾਨਸਿਕਤਾ ਨੂੰ ਵਧਾਉਣ ਦੀ ਕੋਸ਼ਿਸ਼ ਕੀਤੀ ਜਾਏਗੀ। ਰੇਲ ਵਿੱਚ ਪੁਲਿਸ ਦੇ ਸਿਪਾਹੀ ਵੱਲੋਂ ਹੱਤਿਆਵਾਂ ਇਸੇ ਦਾ ਨਤੀਜਾ ਹਨ। ਲੋਕਾਂ ਨੂੰ ਸਾਵਧਾਨ ਰਹਿਣ ਤੇ ਸਮੁੱਚੇ ਦੇਸ ਵਿੱਚ ਸਦਭਾਵਨਾ ਬਣਾਈ ਰੱਖਣ ਦੀ ਅਪੀਲ ਕੀਤੀ ਗਈ ਹੈ।

# ਬਾਬਾ ਮੋਨੀ ਜੀ ਕਾਲਜ ਵਿਖੇ ਮਨਾਈਆਂ 'ਤੀਆਂ ਤੀਜ ਦੀਆਂ'

### ਕਰਮਵੀਰ ਕੌਰ ਸਿਰ ਸਜਿਆ 'ਮਿਸ ਤੀਜ' ਦਾ ਤਾਜ

**ਲਹਿਰਾ ਮੁਹੱਬਤ, (ਭੀਮ ਸੈਨ ਹਦਵਾਰੀਆ)**

ਬਾਬਾ ਮੋਨੀ ਜੀ ਮਹਾਰਾਜ ਗਰੁੱਪ ਆਫ ਕਾਲਜਿਜ਼ ਵਿਖੇ 'ਤੀਆਂ ਤੀਜ ਦੀਆਂ' ਤਿਉਹਾਰ ਧੂਮ-ਧਾਮ ਨਾਲ ਮਨਾਇਆ ਗਿਆ। ਸਮਾਗਮ ਦੀ ਸ਼ੁਰੂਆਤ ਕਾਲਜ ਦੇ ਡਾਇਰੈਕਟਰ ਕੇਸਰ ਸਿੰਘ ਧਲੇਵਾਂ ਤੇ ਮੈਨੇਜਿੰਗ ਡਾਇਰੈਕਟਰ ਲਖਵੀਰ ਸਿੰਘ ਸਿੱਧੂ ਨੇ ਬਾਬਾ ਮੋਨੀ ਜੀ ਤਸਵੀਰ ਅੱਗੇ ਜੋਤ ਜਗਾ ਕੇ ਕੀਤੀ। ਡਿਗਰੀ ਕਾਲਜ ਦੇ ਵਾਇਸ ਪ੍ਰਿੰਸੀਪਲ ਅਮਨਿੰਦਰ ਕੌਰ ਤੇ ਐਜੂਕੇਸ਼ਨ ਕਾਲਜ ਦੇ ਵਾਇਸ ਪ੍ਰਿੰਸੀਪਲ ਦਿਨੇਸ਼ ਕੁਮਾਰ ਨੇ ਵਿਦਿਆਰਥਣਾਂ ਨੂੰ ਤੀਆਂ ਦੇ ਤਿਉਹਾਰ ਤੋਂ ਜਾਣੂ ਕਰਵਾਇਆ। ਵਿਦਿਆਰਥੀਆਂ ਨੇ 'ਵਾਤਾਵਰਣ ਬਚਾਓ, ਰੁੱਖ ਲਗਾਓ' ਦਾ ਨਾਅਰਾ ਲਾਇਆ। ਵਿਦਿਆਰਥਣਾਂ ਦੇ ਪੀਂਘ ਝੂਟਣ, ਰੰਗੋਲੀ, ਮਹਿੰਦੀ, ਭੰਗੜਾ ਤੇ ਗਿੱਧਾ ਆਦਿ ਦੇ ਮੁਕਾਬਲੇ ਕਰਾਏ ਗਏ। 'ਰੰਗੋਲੀ' 'ਚ ਮੁਸਕਾਨ ਤੇ ਜੋਤੀ (ਬੀ. ਸੀ. ਏ. ਭਾਗ ਪਹਿਲਾ) ਨੇ ਪਹਿਲਾ ਅਤੇ 'ਮਹਿੰਦੀ' ਮੁਕਾਬਲੇ 'ਚ ਫੌਜੀਆ ਨਾਜਿਰ (ਬੀ. ਐੱਸ. ਸੀ ਨਰਸਿੰਗ ਭਾਗ-ਦੂਜਾ) ਨੇ ਪਹਿਲਾ ਸਥਾਨ ਹਾਸਲ ਕੀਤਾ। 'ਮਿਸ ਤੀਜ' ਦਾ ਤਾਜ ਕਰਮਵੀਰ ਕੌਰ (+1) ਦੇ ਸਿਰ ਸਜਾਇਆ ਗਿਆ। ਜੱਜਾਂ ਦੀ ਭੂਮਿਕਾ ਪ੍ਰੋ. ਮੋਨਿਕਾ ਗਰਗ ਤੇ ਪ੍ਰੋ. ਵਰਿੰਦਰ ਸਿੰਘ ਨੇ ਬਾਖੂਬੀ ਨਿਭਾਈ। ਇਸ ਮੌਕੇ ਪ੍ਰੋ. ਬਲਜੀਤ ਸਿੰਘ, ਪ੍ਰੋ. ਰਮਨਦੀਪ ਕੌਰ, ਪ੍ਰੋ. ਸੁਖਦੀਪ ਕੌਰ, ਪ੍ਰੋ. ਲਖਵੀਰ ਕੌਰ, ਪ੍ਰੋ. ਗੀਤਿਕਾ, ਪ੍ਰੋ. ਰੁਚਿਕਾ, ਪ੍ਰੋ. ਦਲਜੀਤ ਕੌਰ, ਪ੍ਰੋ. ਵਰਦੀਪ ਕੌਰ ਅਤੇ ਪ੍ਰੋ. ਰੁਪਿੰਦਰ ਸਿੰਘ ਆਦਿ ਸਟਾਫ ਮੈਂਬਰ ਹਾਜ਼ਰ ਸਨ।

# ਵਾਤਾਵਰਣ ਦੀ ਸੰਭਾਲ ਸੰਬੰਧੀ ਗਤੀਵਿਧੀ ਕਰਾਈ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਡੀ ਏ ਵੀ ਪਬਲਿਕ ਸਕੂਲ ਕਕਰਾਲਾ ਵਿਖੇ ਸੀ ਬੀ ਐੱਸ ਈ ਦੀ ਇਕਾਈ ਹਬ ਆਫ਼ ਲਰਨਿੰਗ ਦੇ ਤਹਿਤ ਵਾਤਾਵਰਣ ਦੀ ਸੰਭਾਲ ਸਬੰਧੀ ਗਤੀਵਿਧੀ ਕਰਾਈ ਗਈ, ਜਿਸ ਵਿੱਚ ਹਬ ਆਫ ਲਰਨਿੰਗ ਦੇ ਸਕੂਲ ਐੱਸ ਆਰ ਐੱਸ ਸਕੂਲ ਸਮਾਣਾ, ਬੁੱਢਾ ਦਲ ਪਬਲਿਕ ਸਕੂਲ ਸਮਾਣਾ, ਡੀ.ਏ.ਵੀ. ਪਬਲਿਕ ਸਕੂਲ ਕਕਰਾਲਾ ਦੇ ਜਮਾਤ 8ਵੀਂ ਤੋਂ 10ਵੀਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਇਸ ਗਤੀਵਿਧੀ ਵਿੱਚ ਬੱਚਿਆਂ ਨੇ ਖਰਾਬ ਹੋ ਰਹੇ ਵਾਤਾਵਰਣ 'ਤੇ ਆਪਣੇ ਵਿਚਾਰ ਪ੍ਰਗਟ ਕੀਤੇ। ਦੁਨੀਆ ਵਿੱਚ ਹੋ ਰਹੀ ਉਥਲ ਪੁਥਲ ਲਈ ਪ੍ਰਮਾਤਮਾ ਦੁਆਰਾ ਰਚੀ ਗਈ ਪ੍ਰਕਿਰਤੀ ਨਾਲ ਕੀਤੀ ਗਈ ਛੇੜਛਾੜ, ਜਿਵੇਂ ਜੰਗਲਾਂ ਦੀ ਅੰਨ੍ਹੇਵਾਹ ਕਟਾਈ, ਕੁਦਰਤੀ ਸੋਮਿਆਂ ਦੀ ਦੁਰਵਰਤੋਂ ਆਦਿ ਲਈ ਇਨਸਾਨ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਤੰਦਰੁਸਤ ਵਾਤਾਵਰਣ ਸਿਰਜਣ ਲਈ ਜਾਗਰੂਕ ਹੋਣ ਅਤੇ ਆਪਣੀ ਜ਼ਿੰਮੇਵਾਰੀ ਸਮਝਣ ਲਈ ਪ੍ਰੇਰਿਤ ਕੀਤਾ। ਪ੍ਰੋਗਰਾਮ ਦੇ ਅੰਤ ਵਿੱਚ ਪ੍ਰਿੰਸੀਪਲ ਵੱਲੋਂ ਆਏ ਸਾਰੇ ਬੱਚਿਆਂ ਅਤੇ ਸਕੂਲ ਦੇ ਅਧਿਆਪਕਾਂ ਦਾ ਧੰਨਵਾਦ ਕੀਤਾ ਗਿਆ।

# ਸ਼ਬਦ ਰੂਪੀ ਭੋਜਨ ਉੱਤਮ ਆਹਾਰ : ਬੀ ਕੇ ਸ਼ਾਂਤਨੂੰ



**ਜੈਤੋ (ਸਤੀਸ਼ ਕੁਮਾਰ ਭੀਗੀ)**-ਮਾਊਂਟ ਆਬੂ ਈਸ਼ਵਰੀਆ ਵਿਸ਼ਵਵਿਦਿਆਲਿਆ ਵਿਖੇ ਰਾਸ਼ਟਰੀ ਮੀਡੀਆ ਇੰਚਾਰਜ ਬੀ ਕੇ ਸ਼ਾਂਤਨੂੰ ਨੇ ਮੀਡੀਆ ਕਾਰਕੁਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸ਼ਬਦ ਵੀ ਇੱਕ ਤਰ੍ਹਾਂ ਦਾ ਭੋਜਨ ਹੈ, ਕਿਸ ਸਮੇਂ ਕਿਹੜੇ ਸ਼ਬਦ ਦੀ ਵਰਤੋਂ ਕਰਨੀ ਹੈ, ਇਹ ਸਮਝ ਆ ਜਾਵੇ ਤਾਂ ਦੁਨੀਆ ਵਿੱਚ ਉਸ ਤੋਂ ਵਧੀਆ ਰਸੋਈਆ ਕੋਈ ਨਹੀਂ ਹੈ। ਸ਼ਾਂਤਨੂੰ ਨੇ ਕਿਹਾ ਕਿ ਸਾਡਾ ਵਿਵਹਾਰ ਇੱਕ ਉਹ ਪੌੜੀ ਹੈ, ਜਿਸ ਨਾਲ ਅਸੀਂ ਕਿਸੇ ਦੇ ਮਨ ਵਿੱਚ ਉੱਤਰ ਸਕਦੇ ਹਾਂ ਤੇ ਮਨ ਵਿੱਚੋਂ ਵੀ। ਉਨ੍ਹਾ ਆਖਿਆ ਕਿ ਇਹ ਨਹੀਂ ਹੈ ਕਿ ਦੁੱਖ ਵਧ ਗਏ ਹਨ, ਬਲਕਿ ਸੱਚਾਈ ਇਹ ਹੈ ਕਿ ਸਾਡੇ 'ਚ ਸਹਿਣਸ਼ੀਲਤਾ ਦੀ ਕਮੀ ਹੋ ਗਈ ਹੈ, ਕਿਉਂਕਿ ਜਿਸ ਨੂੰ ਸਹਿਣਾ ਆ ਗਿਆ, ਸਮਝ ਲਓ ਕਿ ਉਸ ਨੂੰ ਰਹਿਣਾ ਆ ਗਿਆ।

# ਸੈਨੇਟਰੀ ਇੰਸਪੈਕਟਰ ਤੇਜਾ ਸਿੰਘ ਹੋਏ ਸੇਵਾ-ਮੁਕਤ



**ਨਾਭਾ (ਵਰਿੰਦਰ ਵਰਮਾ)**-ਸਥਾਨਕ ਨਗਰ ਕੌਂਸਲ ਵਿਖੇ 27 ਸਾਲ ਲਗਾਤਾਰ ਬਤੌਰ ਸੈਨਟਰੀ ਇੰਸਪੈਕਟਰ ਵਜੋਂ ਮਿਹਨਤ ਤੇ ਇਮਾਨਦਾਰੀ ਨਾਲ ਸੇਵਾਵਾਂ ਨਿਭਾਉਣ ਉਪਰੰਤ ਤੇਜਾ ਸਿੰਘ ਨੂੰ ਸੇਵਾ ਮੁਕਤ ਹੋਣ 'ਤੇ ਸਮੂਹ ਨਗਰ ਕੌਂਸਲ ਅਧਿਕਾਰੀਆਂ, ਸ਼ਹਿਰ ਵਾਸੀਆਂ, ਕਰਮਚਾਰੀਆਂ ਤੇ ਕੌਂਸਲਰਾਂ ਵੱਲੋਂ ਵੱਖ ਵੱਖ ਸਮਾਗਮ ਕਰਵਾ ਸ਼ਾਨਦਾਰ ਵਿਦਾਇਗੀ ਪਾਰਟੀ ਦਿੰਦਿਆਂ ਸਨਮਾਨਤ ਕੀਤਾ ਗਿਆ। ਇਸ ਮੌਕੇ ਉਨ੍ਹਾ ਦੇ ਸਨਮਾਨ 'ਚ ਰੱਖੇ ਸਮਾਗਮ 'ਚ ਹਲਕਾ ਵਿਧਾਨ ਸਭਾ ਨਾਭਾ ਤੋਂ ਆਮ ਆਦਮੀ ਪਾਰਟੀ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਦਿਆਂ ਤੇਜਾ ਸਿੰਘ ਨੂੰ ਮੁਬਾਰਕਬਾਦ ਦਿੱਤੀ। ਉਨ੍ਹਾ ਤੇਜਾ ਸਿੰਘ ਵੱਲੋਂ ਇਮਾਨਦਾਰੀ ਨਾਲ ਡਿਊਟੀ ਨਿਭਾਉਂਦਿਆਂ ਕੀਤੇ ਕਾਰਜਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਉਨ੍ਹਾ ਨਾਲ ਉਨ੍ਹਾਂ ਦੀ ਪਤਨੀ ਬਲਦੇਵ ਕੌਰ, ਬੇਟਾ ਅਡਵੋਕੇਟ ਜਗਮੀਤ ਸਿੰਘ, ਗਗਨਦੀਪ ਸਿੰਘ, ਨੂੰਹ ਮਨਪ੍ਰੀਤ ਕੌਰ, ਭਰਾ ਜਗਜੀਤ ਸਿੰਘ, ਪੋਤਰਾ ਗੁਰਬਾਜ ਸਿੰਘ ਤੋਂ ਇਲਾਵਾ ਪਰਿਵਾਰਕ ਮੈਂਬਰਾਂ ਤੋਂ ਇਲਾਵਾ ਦੋਸਤ ਮਿੱਤਰ, ਰਿਸ਼ਤੇਦਾਰ ਤੇ ਸਮੂਹ ਨਗਰ ਕੌਂਸਲ ਦੇ ਅਧਿਕਾਰੀ, ਕਰਮਚਾਰੀ ਤੇ ਕੌਂਸਲਰ ਆਦਿ ਮੌਜੂਦ ਸਨ।

# ਕਾਤਰਾਂ

## ਨਸ਼ਿਆਂ ਵਿਰੁੱਧ ਲਾਮਬੰਦੀ ਲਈ ਝੰਡਾ ਮਾਰਚ ਅੱਜ

**ਸਮਰਾਲਾ (ਸੁਰਜੀਤ ਸਿੰਘ)**-ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੀ ਪੰਜਾਬ ਪੱਧਰੀ ਮੀਟਿੰਗ ਸੂਬਾ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ, ਜਸਵੀਰ ਸਿੰਘ ਸਿੱਧੂਪੁਰ, ਕਾਕਾ ਸਿੰਘ ਕੋਟੜਾ, ਮੇਹਰ ਸਿੰਘ ਥੇੜੀ, ਮਾਨ ਸਿੰਘ ਰਾਜਪੁਰਾ ਦੀ ਪ੍ਰਧਾਨਗੀ 'ਚ ਹੋਈ। ਯੂਨੀਅਨ ਵੱਲੋਂ ਜਾਰੀ ਪ੍ਰੈਸ ਨੋਟ 'ਚ ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਕਿ ਪੰਜਾਬ ਦੇ ਅੰਦਰ ਨਸ਼ਿਆਂ ਦੀ ਬਹੁਤ ਵੱਡੇ ਪੱਧਰ 'ਤੇ ਭਰਮਾਰ ਹੋ ਰਹੀ ਹੈ ਤੇ ਜਿਹੜੇ ਲੋਕ ਨਸ਼ੇ ਰੋਕਣ ਲਈ ਅਵਾਜ਼ ਬੁਲੰਦ ਕਰ ਰਹੇ ਹਨ, ਉਨ੍ਹਾਂ ਨੂੰ ਜਾਂ ਤਾਂ ਜੇਲ੍ਹਾਂ ਵਿੱਚ ਬੰਦ ਕੀਤਾ ਜਾ ਰਿਹਾ ਹੈ ਜਾਂ ਪੁਲਸ ਪ੍ਰਸ਼ਾਸਨ ਵੱਲੋਂ ਧਮਕੀਆਂ ਮਿਲ ਰਹੀਆਂ ਹਨ, ਜਿਸ ਤੋਂ ਸਿੱਧ ਹੁੰਦਾ ਹੈ ਕਿ ਸਰਕਾਰ ਨਸ਼ੇ ਬੰਦ ਕਰਨ ਲਈ ਸੁਹਿਰਦ ਨਹੀਂ। ਉਨ੍ਹਾਂ ਦੋਸ਼ ਲਾਇਆ ਕਿ ਨਸ਼ੇ ਸਰਕਾਰ ਦੀ ਸਰਪ੍ਰਸਤੀ ਹੇਠ ਹੀ ਵੇਚੇ ਜਾ ਰਹੇ ਹਨ। ਇਸ ਲਈ ਲੋਕਾਂ ਨੂੰ ਨਸ਼ਿਆਂ ਵਿਰੁੱਧ ਲਾਮਬੰਦ ਕਰਨ ਲਈ 4 ਅਗਸਤ ਤੋਂ ਪੰਜਾਬ ਭਰ 'ਚ ਪਿੰਡ ਪਿੰਡ ਸਾਡੀ ਨੌਜਵਾਨੀ ਦੇ ਹੋ ਰਹੇ ਉਜਾੜੇ ਨੂੰ ਰੋਕਣ ਤੇ ਨੌਜਵਾਨੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਅਤੇ ਨਸ਼ੇ ਬੰਦ ਕਰਵਾਉਣ ਲਈ ਅਵਾਜ਼ ਉਠਾਉਣ ਲਈ ਝੰਡਾ ਮਾਰਚ ਕੀਤਾ ਜਾਵੇਗਾ। ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਅਵਾਜ਼ ਚੁੱਕਣ ਵਾਲੇ ਜੇਲ੍ਹਾਂ 'ਚ ਬੰਦ ਕੀਤੇ ਬੇਕਸੂਰ ਲੋਕਾਂ ਨੂੰ ਛੁਡਵਾਉਣ ਤੇ ਹੜ੍ਹਾਂ ਕਾਰਨ ਹੋਏ ਭਾਰੀ ਨੁਕਸਾਨ ਦੇ ਮੁਆਵਜ਼ੇ ਸੰਬੰਧੀ 10 ਅਗਸਤ ਨੂੰ ਪੂਰੇ ਪੰਜਾਬ ਵਿਚ ਸਮੂਹ ਡੀ ਸੀ ਰਾਹੀਂ ਪੰਜਾਬ ਸਰਕਾਰ ਦੇ ਨਾਂਅ ਮੰਗ ਪੱਤਰ ਦਿੱਤੇ ਜਾਣਗੇ ਤੇ ਪੁਤਲੇ ਫੂਕੇ ਜਾਣਗੇ।

## ਬੰਗੜ ਸੁਪਰ ਸਪੈਸ਼ਲਿਟੀ ਹਸਪਤਾਲ ਵੱਲੋਂ ਦਵਾਈਆਂ ਦਾ ਮੁਫ਼ਤ ਕੈਂਪ ਅੱਜ

**ਮਮਦੋਟ (ਹਰਪਾਲ ਸਿੰਘ ਸੋਢੀ)**-ਸਰਹੱਦੀ ਕਸਬਾ ਮਮਦੋਟ ਵਿਖੇ ਮਹਾਂਤਪੱਸਵੀ ਸਰੂ ਮਾਤਾ ਨਹਿਰਾਂ ਵਾਲੀ ਜੀ ਦਾ ਹਰ ਸਾਲ ਲੱਗਣ ਵਾਲੇ ਮੇਲੇ ਦੌਰਾਨ ਫ਼ਿਰੋਜ਼ਪੁਰ ਦਿਹਾਤੀ ਤੋਂ ਕਾਂਗਰਸ ਪਾਰਟੀ ਦੇ ਹਲਕਾ ਇੰਚਾਰਜ ਆਸ਼ੂ ਬੰਗੜ ਵੱਲੋਂ ਮਾਤਾ ਜੀ ਦੀ ਯਾਦ ਵਿੱਚ ਮੁਫ਼ਤ ਦਵਾਈਆਂ ਦਾ ਕੈਂਪ ਲਾਇਆ ਜਾ ਰਿਹਾ ਹੈ। ਆਸ਼ੂ ਬੰਗੜ ਨੇ ਕਿਹਾ ਕਿ ਮਾਤਾ ਜੀ ਦੇ ਮੇਲੇ 'ਤੇ ਆਉਣ ਵਾਲੀਆਂ ਸੰਗਤਾਂ ਦੀ ਸਿਹਤ ਦਾ ਖਿਆਲ ਰੱਖਣ ਲਈ ਬੰਗੜ ਸੁਪਰ ਸਪੈਸ਼ਲਿਟੀ ਹਸਪਤਾਲ ਜੀਰਾ ਗੇਟ ਫ਼ਿਰੋਜ਼ਪੁਰ ਦੀਆਂ ਟੀਮ ਡਿਊਟੀ ਨਿਭਾਏਗੀ। ਕਿਹਾ ਇਹ ਕੈਂਪ ਬਿਲਕੁਲ ਮੁਫ਼ਤ ਲਾਇਆ ਜਾ ਰਿਹਾ ਹੈ ਤੇ ਸਥਿਤ ਮਾਈ ਭੋਲੀ ਚੌਕ ਮਮਦੋਟ ਮਾਤਾ ਨਹਿਰਾਂ ਵਾਲੀ ਰੋਡ 'ਤੇ ਲਾਇਆ ਜਾਵੇਗਾ, ਸੋ ਕੋਈ ਵੀ ਲੋੜਵੰਦ 4 ਅਗਸਤ ਸਮਾਂ 10 ਤੋਂ 2 ਵਜੇ ਕੈਂਪ ਲਾਇਆ ਜਾਵੇਗਾ। ਉਨ੍ਹਾਂ ਨਾਲ ਜਗਜੀਤ ਸਿੰਘ, ਕੁਲਦੀਪ ਸਿੰਘ ਧੀਰਾ ਪੱਤਰਾਂ, ਨਿਸ਼ਾਨ ਸਿੰਘ ਅਰਮਾਨਪੁਰਾ, ਗੁਰਪ੍ਰੀਤ ਕਟੋਰਾ, ਪੁਸ਼ਪਿੰਦਰ ਸਿੰਘ ਸੰਧੂ, ਬਲਜਿੰਦਰ ਸਿੰਘ ਥਿੰਦ, ਹਰਜਿੰਦਰ ਸਿੰਘ, ਅਸ਼ੀਸ਼ ਕੁਮਾਰ, ਕਮਲ ਗਿੱਲ ਸੋਨੂੰ ਨਿੱਜੀ ਸਕੱਤਰ ਆਸ਼ੂ ਬੰਗੜ ਹਲਕਾ ਇੰਚਾਰਜ ਕਾਂਗਰਸ ਪਾਰਟੀ ਫ਼ਿਰੋਜ਼ਪੁਰ ਦਿਹਾਤੀ ਤੋਂ ਇਲਾਵਾ ਹੋਰ ਹਾਜ਼ਰ ਸਨ।

## 600 ਪੇਟੀਆਂ ਸ਼ਰਾਬ ਸਮੇਤ ਕੈਂਟਰ ਚਾਲਕ ਕਾਬੂ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਬਡਾਲੀ ਆਲਾ ਸਿੰਘ ਪੁਲਸ ਵੱਲੋਂ ਇੱਕ ਸ਼ਰਾਬ ਦੇ ਭਰੇ ਕੈਂਟਰ ਨੂੰ ਕਾਬੂ ਕਰਦਿਆਂ ਉਸ 'ਚੋਂ 600 ਪੇਟੀਆਂ ਸ਼ਰਾਬ ਬਰਾਮਦ ਕੀਤੇ ਜਾਣ ਦਾ ਸਮਾਚਾਰ ਹੈ। ਟੀ ਪੁਆਇੰਟ ਹੰਸਾਲੀ ਰੋਡ ਬਡਾਲੀ ਆਲਾ ਸਿੰਘ ਵਿਖੇ ਮੌਜੂਦ ਥਾਣਾ ਬਡਾਲੀ ਆਲਾ ਸਿੰਘ ਦੀ ਪੁਲਸ ਪਾਰਟੀ ਵੱਲੋਂ ਸ਼ੱਕ ਪੈਣ 'ਤੇ ਇੱਕ ਕੈਂਟਰ ਨੰਬਰ 08-6044 ਨੂੰ ਰੋਕਿਆ ਗਿਆ ਤਾਂ ਕੈਂਟਰ ਚਾਲਕ ਨੇ ਮੌਕੇ ਤੋਂ ਭੱਜਣ ਦੀ ਕੋਸ਼ਿਸ਼ ਕੀਤੀ, ਜਿਸ ਨੂੰ ਪੁਲਿਸ ਕ੍ਰਮਚਾਰੀਆਂ ਵੱਲੋਂ ਕਾਬੂ ਕਰਕੇ ਉਸਦਾ ਨਾਂਅ ਪਤਾ ਪੁੱਛਿਆ ਗਿਆ ਤਾਂ ਉਸਨੇ ਆਪਣੀ ਪਛਾਣ ਪਿਯੂਸ਼ ਵਾਸੀ ਪਿੰਡ ਮਿੱਢਾ ਜ਼ਿਲ੍ਹਾ ਸ਼ਿਮਲਾ (ਹਿਮਾਚਲ ਪ੍ਰਦੇਸ਼) ਵਜੋਂ ਦੱਸੀ, ਜਿਸ ਉਪਰੰਤ ਜਦੋਂ ਕੈਂਟਰ ਦੀ ਤਲਾਸ਼ੀ ਕੀਤੀ ਗਈ ਤਾਂ ਕੈਂਟਰ ਵਿੱਚੋਂ ਦੇਸੀ ਠੇਕਾ ਸ਼ਰਾਬ ਸੰਤਰਾ (ਫਾਰ ਸੇਲ ਇਨ ਚੰਡੀਗੜ੍ਹ) ਬਰਾਮਦ ਹੋਈ, ਜਿਸ ਸਬੰਧੀ ਚਾਲਕ ਕੋਈ ਪਰਮਿਟ ਨਹੀਂ ਦਿਖਾ ਸਕਿਆ, ਜਿਸ 'ਤੇ ਕੈਂਟਰ ਨੂੰ ਕਬਜ਼ੇ 'ਚ ਲੈ ਲਿਆ ਗਿਆ। ਥਾਣਾ ਬਡਾਲੀ ਆਲਾ ਸਿੰਘ ਵਿਖੇ ਦਰਜ ਕੀਤੇ ਗਏ ਮੁਕੱਦਮੇ 'ਚ ਪਿਊਸ਼ ਨੂੰ ਗ੍ਰਿਫ਼ਤਾਰ ਕਰਕੇ ਸਹਾਇਕ ਥਾਣੇਦਾਰ ਪਰਜਿੰਦਰ ਸਿੰਘ ਵੱਲੋਂ ਮਾਮਲੇ ਦੀ ਤਫ਼ਤੀਸ਼ ਸ਼ੁਰੂ ਕਰ ਦਿੱਤੀ ਗਈ ਹੈ।

## ਨਸ਼ਿਆਂ ਖਿਲਾਫ ਮਾਰਚ 13 ਨੂੰ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਕਸਬਾ ਲੌਂਗੋਵਾਲ ਵਿਖੇ ਨਸ਼ਾ ਰੋਕੂ ਐਕਸ਼ਨ ਕਮੇਟੀ ਵੱਲੋਂ ਨਸ਼ਿਆਂ ਖਿਲਾਫ ਵਿੱਢੇ ਸੰਘਰਸ਼ ਨੂੰ ਹੋਰ ਤੇਜ਼ ਕਰਨ ਲਈ ਲਗਾਤਾਰ ਮੀਟਿੰਗਾਂ ਕਰਕੇ ਲੋਕਾਂ ਨੂੰ ਲਾਮਬੰਦ ਕੀਤਾ ਜਾ ਰਿਹਾ ਹੈ। ਇਸੇ ਲੜੀ ਤਹਿਤ ਬੀਤੇ ਦਿਨੀਂ ਬਡਬਰ ਰੋਡ 'ਤੇ ਪਿੰਡ ਦੇ ਪਤਵੰਤਿਆਂ ਤੇ ਨੌਜਵਾਨਾਂ ਦੀ ਵਿਸ਼ੇਸ਼ ਮੀਟਿੰਗ ਕੀਤੀ ਗਈ, ਜਿਸ ਵਿੱਚ ਵੱਖ-ਵੱਖ ਬੁਲਾਰਿਆਂ ਨੇ ਆਪਣੇ ਵਿਚਾਰ ਰੱਖੇ। ਮੀਟਿੰਗ ਦੌਰਾਨ ਫੈਸਲਾ ਕੀਤਾ ਗਿਆ ਕਿ ਆਉਣ ਵਾਲੀ 13 ਅਗਸਤ ਨੂੰ ਪਿੰਡ ਵਿੱਚ ਨਸ਼ਿਆਂ ਖਿਲਾਫ ਭਰਵਾਂ ਮਾਰਚ ਕੀਤਾ ਜਾਵੇਗਾ, ਜਿਸ 'ਚ ਸਮੂਹ ਜਥੇਬੰਦੀਆਂ, ਕਲੱਬਾਂ, ਕਿਸਾਨ ਯੂਨੀਅਨਾਂ, ਰਾਜਨੀਤਕ ਆਗੂਆਂ, ਸਕੂਲ-ਕਾਲਜਾਂ ਦੇ ਵਿਦਿਆਰਥੀਆਂ ਤੇ ਗੁਰੂਘਰਾਂ ਦੀਆਂ ਕਮੇਟੀਆਂ ਨੂੰ ਸ਼ਾਮਲ ਹੋਣ ਦੀ ਬੇਨਤੀ ਕੀਤੀ ਗਈ ਹੈ। ਮੀਟਿੰਗ ਵਿੱਚ ਕਸਬੇ ਦੀਆਂ ਔਰਤਾਂ ਨੇ ਸ਼ਮੂਲੀਅਤ ਕੀਤੀ ਤੇ ਵਿਕ ਰਹੇ ਨਸ਼ੇ ਖਿਲਾਫ ਔਰਤਾਂ ਵੱਲੋਂ ਪੂਰਨ ਸਹਿਯੋਗ ਦਾ ਭਰੋਸਾ ਦਿੱਤਾ ਗਿਆ।

## ਅਸ਼ੀਰਵਾਦ ਸਕੀਮ ਤਹਿਤ 3.38 ਕਰੋੜ ਦੀ ਰਾਸ਼ੀ ਜਾਰੀ : ਡਾ. ਬਲਜੀਤ ਕੌਰ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਡਾ. ਬਲਜੀਤ ਕੌਰ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਅਤੇ ਸਮਾਜਿਕ ਨਿਆਂ, ਅਧਿਕਾਰਤਾ ਤੇ ਘੱਟ ਗਿਣਤੀ ਮੰਤਰੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਅਸ਼ੀਰਵਾਦ ਸਕੀਮ ਤਹਿਤ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਅਨੁਸੂਚਿਤ ਜਾਤੀਆਂ ਦੇ ਮਹੀਨਾ ਨਵੰਬਰ 2022 ਤੋਂ ਮਹੀਨਾ ਫਰਵਰੀ 2023 ਤੱਕ ਦੇ ਕੁੱਲ 664 ਲਾਭਪਾਤਰੀਆਂ ਨੂੰ ਵਿੱਤੀ ਸਹਾਇਤਾ ਦੇਣ ਲਈ 3.38 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ। ਅਸ਼ੀਰਵਾਦ ਸਕੀਮ ਤਹਿਤ ਅਨੁਸੂਚਿਤ ਜਾਤੀਆਂ ਅਤੇ ਇਸਾਈ ਬਰਾਦਰੀ ਦੀਆਂ ਲੜਕੀਆਂ ਕਿਸੇ ਵੀ ਜਾਤੀ ਦੀਆਂ ਵਿਧਵਾਵਾਂ ਦੀਆਂ ਲੜਕੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ ਤੇ ਪੱਛੜੇ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹ ਸਮੇਂ ਅਤੇ ਅਨੁਸੂਚਿਤ ਜਾਤੀਆਂ ਦੀਆਂ ਵਿਧਵਾਵਾਂ ਅਤੇ ਤਲਾਕਸ਼ੁਦਾ ਔਰਤਾਂ ਨੂੰ ਉਨ੍ਹਾਂ ਦੇ ਮੁੜ ਵਿਆਹ ਸਮੇਂ 51000/- ਰੁਪਏ ਦੀ ਵਿੱਤੀ ਸਹਾਇਤਾ ਸ਼ਗਨ ਵਜੋਂ ਦਿੱਤੀ ਜਾਂਦੀ ਹੈ। ਸ੍ਰੀ ਜਗਮੋਹਨ ਸਿੰਘ ਜ਼ਿਲ੍ਹਾ ਸਮਾਜਿਕ ਨਿਆਂ ਤੇ ਅਧਿਕਾਰਤਾ ਅਫਸਰ ਅਨੁਸਾਰ 664 ਲਾਭਪਾਤਰੀਆਂ ਨੂੰ ਅਸ਼ੀਰਵਾਦ ਸਕੀਮ ਤਹਿਤ 51000/- ਰੁਪਏ ਪ੍ਰਤੀ ਲਾਭਪਾਤਰੀ ਦੇ ਹਿਸਾਬ ਨਾਲ ਅਦਾਇਗੀ ਜ਼ਿਲ੍ਹਾ ਖ਼ਜ਼ਾਨਾ ਦਫ਼ਤਰ ਸ੍ਰੀ ਮੁਕਤਸਰ ਸਾਹਿਬ ਰਾਹੀਂ ਤੁਰੰਤ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ ਡੀ.ਬੀ.ਟੀ. ਮੋਡ ਰਾਹੀਂ ਕਰ ਦਿੱਤੀ ਜਾਵੇਗੀ।

# ਅਧਿਆਪਕਾਂ ਨੂੰ ਪੱਕੇ ਕਰਨਾ ਸਿੱਖਿਆ ਖੇਤਰ 'ਚ ਆਪ ਸਰਕਾਰ ਦਾ ਇਤਿਹਾਸਕ ਫ਼ੈਸਲਾ : ਦਹੀਆ

**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਤੇ ਬੱਚਿਆਂ ਦੇ ਭਵਿੱਖ ਨੂੰ ਸੁਰੱਖਿਅਤ ਰੱਖਣ ਲਈ ਉਸਾਰੂ ਸੋਚ 'ਤੇ ਪਹਿਰਾ ਦੇਣਾ ਪੰਜਾਬ ਦੇ ਵਿਕਾਸ ਨੂੰ ਅਸਲੀ ਲੀਹਾਂ 'ਤੇ ਲਿਆਉਣ ਲਈ 12500 ਕੱਚੇ ਅਧਿਆਪਕਾਂ ਨੂੰ ਪੱਕੇ ਕਰਕੇ ਪੰਜਾਬ ਦੇ ਇਤਿਹਾਸ 'ਚ ਨਵੀਂ ਸ਼ੁਰੂਆਤ ਕੀਤੀ ਹੈ। ਉਕਤ ਵਿਚਾਰਾਂ ਦਾ ਪ੍ਰਗਟਾਵਾ ਸੁਰਜੀਤ ਸਿੰਘ ਦਹੀਆ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ। ਉਨ੍ਹਾ ਕਿਹਾ ਕਿ ਪੰਜਾਬ 'ਚ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਬਣੀ ਸਰਕਾਰ ਨੂੰ ਅਜੇ ਥੋੜ੍ਹਾ ਸਮਾਂ ਹੀ ਹੋਇਆ, ਪਰ ਭ੍ਰਿਸ਼ਟਾਚਾਰ ਵਿਰੁੱਧ ਸਖ਼ਤ ਐਕਸ਼ਨ ਲੈਣ ਨਾਲ ਆਮ ਲੋਕਾਂ ਨੂੰ ਵੱਡੀ ਰਾਹਤ ਮਿਲੀ ਤੇ ਨਾਲ ਹੀ ਸਿੱਖਿਆ ਤੇ ਸਿਹਤ ਸਹੂਲਤਾਂ ਦੇਣ ਨਾਲ ਪਿੰਡਾਂ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਹਰ ਪਾਸੇ ਆਮ ਚਰਚਾ ਦੇਖੀ ਜਾ ਸਕਦੀ ਹੈ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਸਿੰਘ ਮਾਨ ਵੱਲੋਂ 12500 ਕੱਚੇ ਅਧਿਆਪਕਾਂ ਨੂੰ ਪੱਕੇ ਕਰਕੇ ਅਧਿਆਪਕ ਵਰਗ ਦੇ ਪਰਿਵਾਰਾਂ ਤੇ ਬੱਚਿਆਂ ਦੇ ਭਵਿੱਖ ਨੂੰ ਸੁਰੱਖਿਅਤ ਕੀਤਾ, ਜਿਸ ਦਾ ਹਰ ਪਾਸਿਓਂ ਸਵਾਗਤ ਕੀਤਾ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਪੰਜਾਬ ਸਿੱਖਿਆ ਬੋਰਡ ਨਾਲ ਸੰਬੰਧਤ ਸਕੂਲ ਜਿੱਥੇ ਸਿੱਖਿਆ ਦੇ ਖੇਤਰ 'ਚ ਬਰਾਬਰ ਯੋਗਦਾਨ ਪਾ ਰਹੇ ਹਨ, ਉੱਥੇ ਹੀ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਆਮਦਨ 'ਚ ਵੀ ਵੱਡਾ ਯੋਗਦਾਨ ਪਾ ਰਹੇ ਹਨ।

# 14 ਦੀ ਰੈਲੀ ਦੌਰਾਨ ਸ਼ਰਾਰਤੀ ਅਨਸਰਾਂ ਤੋਂ ਸੁਚੇਤ ਰਹਿਣ ਮੋਰਚਾ ਸੰਚਾਲਕ : ਸੰਯੁਕਤ ਕਿਸਾਨ ਮੋਰਚਾ



**ਮਾਨਸਾ (ਪਮਾਰ)**-ਸੰਯੁਕਤ ਕਿਸਾਨ ਮੋਰਚੇ ਵੱਲੋਂ ਜ਼ਿਲ੍ਹੇ ਦੀ ਮੀਟਿੰਗ ਦੌਰਾਨ ਨਸ਼ਿਆਂ ਖਿਲਾਫ ਚੱਲ ਰਹੇ ਧਰਨੇ ਵਿੱਚ ਵਿਧੀਬੱਧ ਸ਼ਮੂਲੀਅਤ ਕਰਦੇ ਰਹਿਣ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਇਹ ਮੀਟਿੰਗ ਬੀ ਕੇ ਯੂ ਮਾਲਵਾ ਦੇ ਪ੍ਰਧਾਨ ਮਲੂਕ ਸਿੰਘ ਹੀਰਕੇ ਦੀ ਪ੍ਰਧਾਨਗੀ ਹੇਠ ਹੋਈ। ਜ਼ਿਕਰਯੋਗ ਹੈ ਕਿ ਪੰਜਾਬ ਵਿੱਚ ਫੈਲ ਰਹੇ ਮੈਡੀਕਲ, ਕੈਮੀਕਲ, ਸਿੰਥੈਟਿਕ ਨਸ਼ੇ ਜਿੱਥੇ ਹੀ ਲੋਕਾਂ ਦੀ ਜਾਨ ਦਾ ਖੌਅ ਬਣ ਰਹੇ ਹਨ, ਉੱਥੇ ਹੀ ਇਸ ਦੇ ਖਿਲਾਫ ਉੱਠਿਆ ਅੰਦੋਲਨ ਪ੍ਰਸ਼ਾਸਨ ਦੇ ਗਲੇ ਦੇ ਹੱਡੀ ਵੀ ਬਣ ਚੁੱਕਿਆ ਹੈ, ਜਿਸ ਦੇ ਹੱਲ ਲਈ ਸੁਲਝੇ ਹੋਏ ਚੇਤਨ ਲੋਕਾਂ ਦਾ ਸ਼ਹਿਰ ਵਿੱਚ ਸ਼ਾਂਤੀ ਬਣਵਾਈ ਰੱਖਣਾ ਵੀ ਓਨਾ ਹੀ ਜ਼ਰੂਰੀ ਹੋ ਗਿਆ ਹੈ। ਦੇਰ ਸ਼ਾਮ ਤੱਕ ਐੱਸ ਐੱਸ ਪੀ ਨਾਨਕ ਸਿੰਘ ਵੱਲੋਂ ਮੋਰਚੇ ਦੇ ਆਗੂਆਂ ਦੀ ਮੀਟਿੰਗ ਬੁਲਾਈ ਗਈ, ਜਿਸ ਵਿੱਚ ਨਸ਼ੇ ਦੇ ਖਾਤਮੇ ਸੰਬੰਧੀ ਜਨਤਾ ਨੂੰ ਜਾਗਰੂਕ ਕਰਨ, ਪੀੜਤ ਨੌਜਵਾਨਾਂ ਦੇ ਇਲਾਜ ਕਰਾਉਣ, ਮੈਡੀਕਲ ਸਟੋਰਾਂ ਦੀ ਸੁਚੱਜੇ ਢੰਗ ਨਾਲ ਚੈਕਿੰਗ, ਸ਼ਹਿਰ 'ਚ ਕੈਮਰੇ ਲਗਾਉਣ, ਦੋਸ਼ੀ ਵਿਅਕਤੀਆਂ 'ਤੇ ਕਾਰਵਾਈ ਕਰਨ ਅਤੇ 14 ਦੀ ਰੈਲੀ ਦੌਰਾਨ ਅਮਨ ਸ਼ਾਂਤੀ ਬਰਕਰਾਰ ਰੱਖਣ ਦੇ ਮਸਲੇ 'ਤੇ ਚਰਚਾ ਕੀਤੀ ਗਈ। ਮੋਰਚੇ ਦੇ ਆਗੂਆਂ ਵੱਲੋਂ 14 ਅਗਸਤ ਦੀ ਰੈਲੀ 'ਚ ਪਹੁੰਚ ਰਹੇ ਹਰ ਵਿਅਕਤੀ ਨੂੰ ਸ਼ਾਂਤੀ ਬਣਾਏ ਰੱਖਣ ਤੇ ਸ਼ਰਾਰਤੀ ਅਨਸਰਾਂ ਤੋਂ ਸੁਚੇਤ ਰਹਿਣ ਦੀ ਅਪੀਲ ਕੀਤੀ ਗਈ। ਮੀਟਿੰਗ ਦੌਰਾਨ ਕੁੱਲ ਹਿੰਦ ਕਿਸਾਨ ਸਭਾ (ਅਜੈ ਭਵਨ) ਦੇ ਆਗੂ ਕ੍ਰਿਸ਼ਨ ਚੌਹਾਨ, ਪੰਜਾਬ ਕਿਸਾਨ ਯੂਨੀਅਨ ਦੇ ਰੁਲਦੂ ਸਿੰਘ ਮਾਨਸਾ, ਜਮਹੂਰੀ ਕਿਸਾਨ ਸਭਾ ਦੇ ਆਗੂ ਅਮਰੀਕ ਸਿੰਘ ਫਫੜੇ, ਬੀ ਕੇ ਯੂ ਡਕੌਂਦਾ (ਬੁਰਜ ਗਿੱਲ) ਦੇ ਆਗੂ ਮਹਿੰਦਰ ਸਿੰਘ ਭੈਣੀਬਾਘਾ, ਕੁੱਲ ਹਿੰਦ ਕਿਸਾਨ ਸਭਾ (ਸੁਰਜੀਤ ਭਵਨ) ਦੇ ਆਗੂ ਸਵਰਨਜੀਤ ਦਲਿਓ, ਬੀ ਕੇ ਯੂ ਕਾਦੀਆਂ ਦੇ ਆਗੂ ਪਰਮਜੀਤ ਸਿੰਘ ਗਾਗੋਵਾਲ, ਬੀ ਕੇ ਯੂ ਡਕੌਂਦਾ ਧਨੇਰ ਦੇ ਆਗੂ ਲਖਵੀਰ ਸਿੰਘ ਅਕਲੀਆ, ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਦੇ ਆਗੂ ਧੰਨਾ ਮੱਲ ਗੋਇਲ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਆਗੂ ਭਜਨ ਸਿੰਘ ਘੁੰਮਣ, ਲੱਖੋਵਾਲ ਦੇ ਆਗੂ ਪਰਸ਼ੋਤਮ ਸਿੰਘ ਗਿੱਲ, ਸੰਯੁਕਤ ਕਿਸਾਨ ਮੋਰਚੇ ਦੇ ਆਗੂ ਨਰਿੰਦਰ ਕੌਰ ਬੁਰਜ ਹਮੀਰਾ, ਮਹਿੰਦਰ ਸਿੰਘ ਖਿਆਲਾ, ਮੇਜਰ ਸਿੰਘ ਦੂਲੋਵਾਲ, ਗੁਰਜੰਟ ਸਿੰਘ ਮਾਨਸਾ, ਇਕਬਾਲ ਸਿੰਘ ਮਾਨਸਾ, ਬਲਵਿੰਦਰ ਸ਼ਰਮਾ, ਨਿਰਮਲ ਸਿੰਘ ਝੰਡੂਕੇ, ਨਾਇਬ ਸਿੰਘ, ਮਲਕੀਤ ਸਿੰਘ ਜੋੜਕੀਆਂ, ਮੱਖਣ ਸਿੰਘ, ਸੁਖਦੇਵ ਸਿੰਘ ਅਤਲਾ ਹਾਜ਼ਰ ਸਨ।

# ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਦੀ ਮੀਟਿੰਗ

**ਜਗਰਾਓਂ (ਅਮਿਤ ਖੰਨਾ)**-ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ ਗੁਰਦੁਆਰਾ ਵਿਸ਼ਵਕਰਮਾ ਮੰਦਿਰ ਅੱਡਾ ਰਾਏਕੋਟ ਵਿਖੇ ਹੋਈ, ਜਿਸ 'ਚ ਠੇਕੇਦਾਰਾਂ ਨੂੰ ਆ ਰਹੀਆਂ ਮੁਸ਼ਕਲਾਂ ਸੁਣੀਆਂ ਗਈਆਂ ਅਤੇ ਮੌਕੇ 'ਤੇ ਹੱਲ ਕੀਤਾ ਗਿਆ। ਇਸ ਤੋਂ ਇਲਾਵਾ, ਜੋ ਪਿਛਲੇ ਦਿਨੀਂ ਗਾਇਕ ਸੁਰਿੰਦਰ ਛਿੰਦਾ ਅਕਾਲ ਚਲਾਣਾ ਕਰ ਗਏ ਸਨ, ਉਨ੍ਹਾ ਨੂੰ ਐਸੋਸੀਏਸ਼ਨ ਵੱਲੋਂ ਦੋ ਮਿੰਟ ਦਾ ਮੋਨ ਧਾਰਨ ਕਰਕੇ ਸ਼ਸ਼ਰਧਾਂਜਲੀ ਦਿੱਤੀ ਗਈ। ਇਸ ਮੌਕੇ ਪ੍ਰਧਾਨ ਰਾਜਿੰਦਰ ਸਿੰਘ ਰਿੱਕੂ, ਸਰਪ੍ਰਸਤ ਜਗਦੇਵ ਸਿੰਘ ਮਠਾੜੂ, ਹਰਦਿਆਲ ਸਿੰਘ ਮੁੰਡੇ, ਗੁਰਦੇਵ ਸਿੰਘ ਮੱਲ੍ਹਾ, ਭਵਨਜੀਤ ਸਿੰਘ ਉੱਭੀ, ਰਾਜਵੰਤ ਸਿੰਘ ਸੱਗੂ, ਸੁਖਮਿੰਦਰ ਸਿੰਘ ਸੋਨੀ, ਹਰਵਿੰਦਰ ਸਿੰਘ ਬੋਦਲਵਾਲਾ, ਜਿੰਦਰ ਸਿੰਘ ਵਿਰਦੀ, ਰਾਜਵੰਤ ਸਿੰਘ ਸੱਗੂ, ਜਸਵੀਰ ਸਿੰਘ ਧਾਲੀਵਾਲ, ਸੁਖਦੇਵ ਸਿੰਘ ਸੁਧਾਰਿਆ, ਗੁਰਮੇਲ ਸਿੰਘ ਮਠਾੜੂ, ਅਮ੍ਰਿਤ ਸਿੰਘ, ਬਸੰਤ ਸਿੰਘ ਸੀਹਰਾ, ਭਵਨਜੀਤ ਸਿੰਘ ਉੱਭੀ, ਜਸਵੀਰ ਸਿੰਘ ਧਾਲੀਵਾਲ, ਰਣਜੀਤ ਸਿੰਘ ਗੀਹਲ, ਦੀਪੂ, ਬਲਵੀਰ ਸਿੰਘ ਸਿਵੀਆਂ, ਗੁਰਚਰਨ ਸਿੰਘ ਘਟੌੜਾ, ਪਰਮਜੀਤ ਸਿੰਘ ਮਠਾੜੂ, ਸੁਖਦੇਵ ਸਿੰਘ ਪਨੇਸਰ, ਤਰਲੋਚਨ ਸਿੰਘ ਪਨੇਸਰ, ਬਲਵਿੰਦਰ ਸਿੰਘ ਭੰਮਰਾ, ਸਰਬਜੀਤ ਸਿੰਘ ਗੀਹਲ ਤੇ ਪਰਮਜੀਤ ਸਿੰਘ ਬੋਦਲ ਵਾਲੇ ਆਦਿ ਹਾਜ਼ਰ ਸਨ।

# ਗਾਜੀਸਲਾਰ ਪੰਚਾਇਤ ਨੇ 250 ਘਰਾਂ ਨੂੰ ਵੰਡੇ ਕੂੜਾਦਾਨ



**ਸਮਾਣਾ (ਗੁਰਪਿਆਰ ਸਿੰਘ ਬੱਲ)**-ਸਬ ਡਵੀਜ਼ਨ ਸਮਾਣਾ ਦੇ ਪਿੰਡ ਗਾਜੀਸਲਾਰ ਦੀ ਪੰਚਾਇਤ ਵੱਲੋਂ ਰਿਲਾਇੰਸ ਗਲਾਸ ਫਾਊਂਡੇਸ਼ਨ ਦੀ ਮਦਦ ਨਾਲ ਪਿੰਡ ਵਾਸੀਆਂ ਨੂੰ ਕੂੜੇ ਦੇ ਨਿਪਟਾਰੇ ਲਈ ਘਰ ਘਰ ਕੂੜਾਦਾਨ ਵੰਡੇ ਗਏ। ਇਸ ਮੌਕੇ ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਦੇ ਪੀ ਏ ਗੁਰਦੇਵ ਸਿੰਘ ਟਿਵਾਣਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਤੇ ਇਸ ਮੌਕੇ ਉਨ੍ਹਾਂ ਨਾਲ ਬੀਡੀਪੀਓ ਸਾਮਣਾ ਅਜਾਇਬ ਸਿੰਘ, ਟਰੱਕ ਯੂਨੀਅਨ ਸਮਾਣਾ ਦੇ ਪ੍ਰਧਾਨ ਜਤਿੰਦਰ ਸਿੰਘ ਝੰਡ ਵੀ ਹਾਜ਼ਰ ਸਨ। ਇਸ ਮੌਕੇ ਪੀ ਏ ਟਿਵਾਣਾ ਨੇ ਕਿਹਾ ਕਿ ਗਾਜੀਸਲਾਰ ਦੇ ਲੋਕਾਂ ਨੇ ਮੰਤਰੀ ਸਾਹਿਬ ਨੂੰ ਬਹੁਤ ਵੱਡਾ ਪਿਆਰ ਤੇ ਸਤਿਕਾਰ ਬਖਸ਼ਿਆ ਹੈ, ਜਿਸ ਦਾ ਮੁੱਲ ਪਿੰਡ 'ਚ ਵੱਧ ਤੋਂ ਵੱਧ ਬੁਨਿਆਦੀ ਸਹੂਲਤਾਂ ਦੇ ਕੇ ਮੋੜਿਆ ਜਾਵੇਗਾ। ਇਸ ਮੌਕੇ ਉਨ੍ਹਾ ਪਿੰਡ ਵਾਸੀਆਂ ਨੂੰ ਵਿਕਾਸ ਕਾਰਜਾਂ ਲਈ ਵੱਧ ਤੋਂ ਵੱਧ ਗ੍ਰਾਂਟਾਂ ਦੇਣ ਦਾ ਭਰੋਸਾ ਦਿਵਾਇਆ। ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਸਰਪੰਚ ਕਰਮਜੀਤ ਨਰਸੋਤ ਨੇ ਕਿਹਾ ਕਿ ਉਨ੍ਹਾ ਦੀ ਪੰਚਾਇਤ ਦਾ ਸੁਪਨਾ ਸੀ ਕਿ ਪਿੰਡ ਨੂੰ ਸਾਫ ਸੁਥਰਾ ਰੱਖਣ ਲਈ ਪਿੰਡ 'ਚ ਸੋਲਡ ਵੇਸਟ ਪਲਾਂਟ ਸਥਾਪਤ ਕੀਤਾ ਜਾਵੇ ਤੇ ਘਰ ਘਰ ਕੂੜਾਦਾਨ ਰਖਵਾਏ ਜਾਣ ਤਾਂ ਕਿ ਪਿੰਡ 'ਚ ਸਫਾਈ ਦਾ ਪ੍ਰਬੰਧ ਕੀਤਾ ਜਾ ਸਕੇ। ਇਸ ਮੌਕੇ ਰਾਊਂਡ ਗਲਾਸ ਫਾਊਂਡੇਸ਼ਨ ਦੇ ਮੈਂਬਰ ਭਰਪੂਰ ਸਿੰਘ ਤੇ ਤਵਪ੍ਰੀਤ ਸਿੰਘ ਨੇ ਪਿੰਡ ਦੀਆਂ ਬੀਬੀਆਂ ਨੂੰ ਕੂੜਾਦਾਨਾਂ ਵਿੱਚ ਗਿੱਲਾ ਤੇ ਸੁੱਕਾ ਕੂੜਾ ਰੱਖਣ ਬਾਰੇ ਵਿਸਥਾਰ ਨਾਲ ਸਮਝਾਇਆ। ਇਸ ਮੌਕੇ ਆਮ ਆਦਮੀ ਪਾਰਟੀ ਦੇ ਆਗੂ ਬਲਕਾਰਾ ਰਾਮ, ਸੁੱਖਾ ਰਾਮ ਵਪਾਰੀ, ਮਾਸਟਰ ਦਲਜਿੰਦਰ ਸਿੰਘ, ਬਲਵੀਰ ਰਾਮ, ਪੰਚ ਮੇਵਾ ਰਾਮ, ਭਜਨ ਲਾਲ ਟੇਲਰ, ਬਲਵੰਤ ਰਾਮ, ਬਲਵਿੰਦਰ ਨਰਸੋਤ, ਬਾਬਾ ਅਮਰਪੁਰੀ, ਰਸਪ੍ਰੀਤ ਸਿੰਘ, ਸੁਰਜੀਤ ਸਿੰਘ ਫੌਜੀ, ਰਮੇਸ਼ ਟਿਵਾਣਾ, ਕਮਲਪ੍ਰੀਤ ਸਿੰਘ ਤੋਂ ਇਲਾਵਾ ਵੱਡੀ ਗਿਣਤੀ 'ਚ ਔਰਤਾਂ ਤੇ ਸਕੂਲੀ ਵਿਦਿਆਰਥੀ ਹਾਜ਼ਰ ਸਨ।

# ਸਰਕਾਰੀ ਸੀਨੀ. ਸੈਕੰ. ਸਕੂਲ 'ਚ ਨੁੱਕੜ ਨਾਟਕ



**ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਮਲੋਹ ਵਿਖੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਥਿਏਟਰ ਵਿਭਾਗ ਦੇ ਵਿਦਿਆਰਥੀਆਂ ਦੁਆਰਾ ਨੁੱਕੜ ਨਾਟਕ "ਵਹਿੰਗੀ" ਖੇਡਿਆ ਗਿਆ। ਇਸ ਵਿੱਚ ਸਮਾਜਕ ਕੁਰੀਤੀਆਂ 'ਤੇ ਵਿਅੰਗ ਕਰਦੇ ਹੋਏ ਵਿਦਿਆਰਥੀਆਂ ਨੇ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਬੱਚਿਆਂ ਨੂੰ ਜ਼ਿੰਦਗੀ ਦੀ ਅਸਲੀਅਤ ਤੋਂ ਜਾਣੂ ਕਰਾਉਂਦੇ ਹੋਏ ਨਿਰੰਤਰ ਮਿਹਨਤ ਨਾਲ ਆਪਣੀ ਮੰਜ਼ਲ ਪ੍ਰਾਪਤ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਪ੍ਰਿੰਸੀਪਲ ਇਕਬਾਲ ਸਿੰਘ ਨੇ ਕਿਹਾ ਕਿ ਇਸ ਨਾਟਕ ਤੋਂ ਵਿਦਿਆਰਥੀਆਂ ਨੂੰ ਜ਼ਿੰਦਗੀ ਦੀਆਂ ਕਦਰਾਂ ਕੀਮਤਾਂ ਦਾ ਪਤਾ ਲਗਦਾ ਹੈ ਤੇ ਆਪਣੀਆਂ ਜ਼ਿੰਮੇਵਾਰੀਆਂ ਨੂੰ ਸੁਚੱਜੇ ਢੰਗ ਨਾਲ ਨਿਭਾਉਣ ਦੀ ਸੇਧ ਮਿਲਦੀ ਹੈ। ਇਸ ਮੌਕੇ ਨਾਟਕ ਟੀਮਾਂ ਦਾ ਪ੍ਰਿੰਸੀਪਲ ਇਕਬਾਲ ਸਿੰਘ ਤੇ ਸਟਾਫ਼ ਵੱਲੋਂ ਸਨਮਾਨ ਵੀ ਕੀਤਾ ਗਿਆ।

# ਮਾਤਾ ਦਲੀਪ ਕੌਰ ਨੂੰ ਵੱਖ-ਵੱਖ ਸ਼ਖਸੀਅਤਾਂ ਵੱਲੋਂ ਸ਼ਰਧਾ ਦੇ ਫੁੱਲ ਭੇਟ



**ਸਮਾਣਾ (ਇਕਬਾਲ ਸਿੰਘ ਬੱਲ)**-ਮਾਤਾ ਦਲੀਪ ਕੌਰ ਨਮਿੱਤ ਸ੍ਰੀ ਅਖੰਡ ਪਾਠ ਦੇ ਭੋਗ ਅੱਜ ਨਿਰਮਲ ਸੰਤ ਕੁਟੀਆ ਪਿੰਡ ਕੁਤਬਨਪੁਰ ਵਿਖੇ ਪਾਏ ਗਏ ਜਿੱਥੇ ਸ੍ਰੀ ਅਖੰਡ ਪਾਠ ਦੇ ਭੋਗ ਉਪਰੰਤ ਰਾਗੀ ਜਥੇ ਵੱਲੋਂ ਵੈਰਾਗਮਈ ਕੀਰਤਨ ਕੀਤਾ ਗਿਆ। ਮਾਤਾ ਦਲੀਪ ਕੌਰ ਦੀ ਅੰਤਿਮ ਅਰਦਾਸ ਮੌਕੇ ਵੱਖ-ਵੱਖ ਆਗੂਆਂ ਵੱਲੋਂ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ ਤੇ ਵਿਛੜੀ ਰੂਹ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਬੇਨਤੀ ਕੀਤੀ ਗਈ। ਇਸ ਦੌਰਾਨ ਬਾਬਾ ਬਲਵਿੰਦਰ ਸਿੰਘ, ਐਡਵੋਕੇਟ ਅਮਰਿੰਦਰ ਸਿੰਘ ਅਤੇ ਸਮੂਹ ਵਿਰਕ ਪਰਵਾਰ ਨਾਲ ਦੁੱਖ ਸਾਂਝੇ ਕਰਨ ਵਾਲਿਆਂ 'ਚ ਸਾਬਕਾ ਕੈਬਨਿਟ ਮੰਤਰੀ ਸੁਰਜੀਤ ਸਿੰਘ ਰੱਖੜਾ, ਸਾਬਕਾ ਵਿਧਾਇਕ ਜਗਤਾਰ ਸਿੰਘ ਰਾਜਲਾ, ਜਥੇਦਾਰ ਸਤਵਿੰਦਰ ਸਿੰਘ ਟੌਹੜਾ, ਪ੍ਰਦੁਮਨ ਸਿੰਘ ਵਿਰਕ, ਕ੍ਰਿਸ਼ਨ ਦੇਵ ਭੱਲਾ, ਮਨਜਿੰਦਰ ਸਿੰਘ ਰਾਣਾ ਸੇਖੋਂ, ਸਰਕਾਰੀ ਵਕੀਲ ਰਾਜਦੀਪ ਸਿੰਘ, ਦੀਦਾਰ ਸਿੰਘ ਸਰਪੰਚ, ਗੁਰਪਿਆਰ ਸਿੰਘ ਬੱਲ, ਗੁਲਜ਼ਾਰ ਸਿੰਘ ਵਿਰਕ, ਐਡਵੋਕੇਟ ਮਨਦੀਪ ਸਿੰਘ ਧਨੋਆ, ਹਰਮਨ ਵਿਰਕ, ਸੁਰਜੀਤ ਸਿੰਘ ਵੜੈਚ ਸਮੇਤ ਵੱਡੀ ਗਿਣਤੀ 'ਚ ਸਮਾਜਕ, ਧਾਰਮਕ ਅਤੇ ਰਾਜਨੀਤਕ ਸ਼ਖ਼ਸੀਅਤਾਂ ਪਤਵੰਤਿਆਂ ਤੋਂ ਇਲਾਵਾ ਸਮੂਹ ਰਿਸ਼ਤੇਦਾਰ ਅਤੇ ਸਨੇਹੀ ਹਾਜ਼ਰ ਸਨ।

# ਬੀ ਕੇ ਯੂ ਉਗਰਾਹਾਂ ਵੱਲੋਂ ਤਹਿਸੀਲਦਾਰ ਦਾ ਘਿਰਾਓ

### ਡੀ ਸੀ ਨਾਲ ਮੀਟਿੰਗ ਕਰਵਾਉਣ ਦੇ ਭਰੋਸੇ ਮਗਰੋਂ ਧਰਨਾ ਚੁੱਕਿਆ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਗੈਸ ਪਾਇਪ ਲਾਈਨ ਦਾ ਪੂਰਾ ਮੁਆਵਜ਼ਾ ਲੈਣ ਲਈ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਤਲਵੰਡੀ ਤੇ ਮੌੜ ਵੱਲੋਂ ਤਹਿਸੀਲਦਾਰ ਤਲਵੰਡੀ ਸਾਬੋ ਦਾ ਘਿਰਾਓ ਕੀਤਾ ਗਿਆ, ਜਿਸ ਤੋਂ ਬਾਅਦ ਸ਼ਾਮ ਨੂੰ ਚਾਰ ਵਜੇ ਤਹਿਸੀਲਦਾਰ ਨੇ ਸਟੇਜ ਤੋਂ ਆ ਕੇ ਭਰੋਸਾ ਦਿੱਤਾ ਕਿ 8 ਅਗਸਤ ਨੂੰ ਐੱਸ ਡੀ ਐੱਮ ਤਲਵੰਡੀ ਸਾਬੋ ਤੇ ਡਿਪਟੀ ਕਮਿਸ਼ਨਰ ਬਠਿੰਡਾ ਨਾਲ ਮੀਟਿੰਗ ਕਰਵਾ ਕੇ ਸਾਰੇ ਕਿਸਾਨਾਂ ਨੂੰ ਮੁਆਵਜ਼ਾ ਦਿੱਤਾ ਜਾਵੇਗਾ ਤੇ ਉਨਾ ਚਿਰ ਪਾਇਪ ਲਾਈਨ ਦਾ ਕੰਮ ਬੰਦ ਰਹੇਗਾ। ਉਸ ਤੋਂ ਬਾਅਦ ਕਿਸਾਨਾਂ ਨੇ ਘਿਰਾਓ ਛੱਡ ਦਿੱਤਾ ਤੇ ਇੱਕ ਜੁਲਾਈ ਤੋਂ ਲੇਲੇਵਾਲਾ ਚੱਲ ਰਹੇ ਪੱਕੇ ਮੋਰਚੇ ਵਿੱਚ ਆ ਗਏ। ਧਰਨੇ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਜਨਰਲ ਸਕੱਤਰ ਹਰਜਿੰਦਰ ਸਿੰਘ ਬੱਗੀ, ਦਰਸ਼ਨ ਸਿੰਘ ਮਾਈਸਰਖਾਨਾ ਤੇ ਜ਼ਿਲ੍ਹਾ ਆਗੂ ਜਗਦੇਵ ਸਿੰਘ ਜੋਗੇਵਾਲਾ ਨੇ ਕਿਹਾ ਕਿ 15 ਮਈ ਨੂੰ ਡਿਪਟੀ ਕਮਿਸ਼ਨਰ ਬਠਿੰਡਾ ਤੇ ਪਾਇਪ ਲਾਈਨ ਦੇ ਅਧਿਕਾਰੀਆਂ ਨਾਲ ਲਿਖਤੀ ਸਮਝੌਤਾ ਹੋਇਆ ਸੀ ਕਿ ਸਾਰੇ ਕਿਸਾਨਾਂ, ਜਿਨ੍ਹਾਂ ਦੇ ਖੇਤਾਂ ਵਿੱਚੋਂ ਦੀ ਪਾਇਪ ਲਾਈਨ ਲੰਘਦੀ ਹੈ, ਨੂੰ 24 ਲੱਖ ਪ੍ਰਤੀ ਏਕੜ ਦੇ ਹਿਸਾਬ ਨਾਲ ਮੁਆਵਜ਼ਾ ਦਿੱਤਾ ਜਾਵੇਗਾ, ਪਰ ਪਾਇਪ ਲਾਈਨ ਦੇ ਅਧਿਕਾਰੀਆਂ ਨੇ ਬਿਨਾਂ ਮੁਆਵਜ਼ਾ ਦਿੱਤੇ ਕਿਸਾਨਾਂ ਨੂੰ ਡਰਾ ਕੇ ਉਨ੍ਹਾਂ ਦੇ ਖੇਤਾਂ ਵਿੱਚ ਕੰਮ ਸ਼ੁਰੂ ਕਰ ਦਿੱਤਾ ਤਾਂ ਜਥੇਬੰਦੀ ਵੱਲੋਂ ਕਿਸਾਨਾਂ ਦੀ ਤਾਕਤ ਦੇ ਜ਼ੋਰ ਬੰਦ ਕਰਵਾ ਦਿੱਤਾ। ਕਿਸਾਨ ਆਗੂਆਂ ਨੇ ਐਲਾਨ ਕੀਤਾ ਕਿ ਜੇਕਰ ਕੀਤੇ ਲਿਖਤੀ ਸਮਝੌਤੇ ਤੋਂ ਭੱਜਣ ਦੀ ਕੋਸ਼ਿਸ਼ ਕੀਤੀ ਤਾਂ 15 ਅਗਸਤ ਨੂੰ ਤਿੱਖਾ ਰੋਸ ਪ੍ਰਦਰਸ਼ਨ ਕੀਤਾ ਜਾਵੇ। ਜ਼ਿਲ੍ਹਾ ਪ੍ਰਧਾਨ ਸ਼ਿੰਗਾਰਾ ਸਿੰਘ ਮਾਨ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਕਾਰਪੋਰੇਟ ਘਰਾਣਿਆਂ ਦਾ ਦੇਸ਼ ਦੇ ਜਲ ਜੰਗਲ ਤੇ ਜ਼ਮੀਨਾਂ 'ਤੇ ਕਬਜ਼ਾ ਕਰਵਾਉਣ ਲਈ ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚ ਫਿਰਕੂ ਫਾਸ਼ੀ ਹੱਲੇ ਕਰਵਾ ਰਹੀ ਹੈ। ਉਨ੍ਹਾ 6 ਅਗਸਤ ਨੂੰ ਚੰਡੀਗੜ੍ਹ ਵਿਖੇ ਔਰਤਾਂ ਵੱਲੋਂ ਕੀਤੇ ਜਾ ਰਹੇ ਵਿਸ਼ਾਲ ਰੋਸ ਪ੍ਰਦਰਸ਼ਨ 'ਚ ਔਰਤਾਂ ਸ਼ਮੂਲੀਅਤ ਕਰਨ ਦਾ ਸੱਦਾ ਦਿੱਤਾ। ਸਟੇਜ ਦੀ ਕਾਰਵਾਈ ਹਰਪ੍ਰੀਤ ਸਿੰਘ ਕਾਲਾ ਚੱਠੇਵਾਲਾ ਨੇ ਨਿਭਾਈ। ਧਰਨੇ ਵਿੱਚ ਜਸਵੀਰ ਸਿੰਘ ਬੁਰਜ ਸੇਮਾ, ਅੰਮ੍ਰਿਤ ਸਿੰਘ, ਭੋਲਾ ਸਿੰਘ ਮਾੜੀ, ਗੁਰਦੀਪ ਸਿੰਘ ਮਾਈਸਰਖਾਨਾ, ਗੁਰਜੀਤ ਸਿੰਘ ਬੰਗੇਹਰ ਚੜ੍ਹਤ ਸਿੰਘ, ਰਣਜੋਧ ਸਿੰਘ ਗਿਆਨਾ, ਬੱਗਾ ਸਿੰਘ ਲਾਲੇਆਣਾ, ਭੋਲਾ ਸਿੰਘ ਜੀਵਨ ਸਿੰਘ ਵਾਲਾ ਹਾਜ਼ਰ ਸਨ।

# 31 ਤੱਕ ਬੀ ਐੱਲ ਓਜ਼ ਕਰਨਗੇ ਘਰ-ਘਰ ਜਾ ਕੇ ਵੈਰੀਫਿਕੇਸ਼ਨ

**ਸੰਗਰੂਰ (ਪ੍ਰਵੀਨ ਸਿੰਘ)**-ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਸੰਗਰੂਰ ਜਤਿੰਦਰ ਜੋਰਵਾਲ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਯੋਗਤਾ 01.01.2024 ਦੇ ਅਧਾਰ 'ਤੇ ਹੋਣ ਵਾਲੀ ਵਿਸ਼ੇਸ਼ ਸਰਸਰੀ ਸੁਧਾਈ ਅਤੇ ਬੀ.ਐੱਲ.ਓਜ਼. ਵੱਲੋਂ 31 ਅਗਸਤ ਤੱਕ ਕੀਤੀ ਜਾ ਰਹੀ, ਘਰ ਤੋਂ ਘਰ ਵੈਰੀਫਿਕੇਸ਼ਨ ਸਬੰਧੀ ਸੁਪਰਵਾਈਜ਼ਰਾਂ ਨਾਲ ਇੱਕ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਦੱਸਿਆ ਗਿਆ ਕਿ ਪਹਿਲੇ ਪੜਾਅ ਵਿੱਚ ਪ੍ਰੀ-ਰਵੀਜਨ ਗਤੀਵਿਧੀਆਂ ਤਹਿਤ ਬੀ.ਐਲ.ਓਜ਼ ਵੱਲੋਂ 21 ਜੁਲਾਈ ਤੋਂ 31 ਅਗਸਤ ਤੱਕ ਘਰ-ਘਰ ਜਾ ਕੇ ਮੌਜੂਦਾ ਵੋਟਰ ਸੂਚੀ ਵਿੱਚ ਦਰਜ ਵੋਟਰਾਂ ਦੀ ਵੈਰੀਫ਼ਿਕੇਸ਼ਨ ਕੀਤੀ ਜਾਣੀ ਹੈ। ਬੀ.ਐਲ.ਓ. ਵੱਲੋਂ 1 ਜਨਵਰੀ 2023, 1 ਅਪ੍ਰੈਲ, 1 ਜੁਲਾਈ ਤੇ 1 ਅਕਤੂਬਰ ਦੇ ਆਧਾਰ 'ਤੇ 18 ਸਾਲ ਦੀ ਉਮਰ ਪੂਰੀ ਕਰਨ ਵਾਲੇ ਯੋਗ ਉਮੀਦਵਾਰਾਂ ਜਿਨ੍ਹਾਂ ਦਾ ਨਾਂਅ ਵੋਟਰ ਸੂਚੀ ਵਿੱਚ ਸ਼ਾਮਲ ਨਹੀਂ ਹੈ, ਦੀ ਵੋਟ ਬਣਾਉਣ ਸੰਬੰਧੀ ਸੂਚੀਆਂ ਤਿਆਰ ਕੀਤੀਆਂ ਜਾਣ ਅਤੇ ਉਨ੍ਹਾਂ ਤੋਂ ਵੋਟਰ ਰਜਿਸਟ੍ਰੇਸ਼ਨ ਲਾਜ਼ਮੀ ਕਰਨ ਸੰਬੰਧੀ ਫਾਰਮ ਭਰਵਾਂ ਲਏ ਜਾਣ। ਯੋਗਤਾ ਮਿਤੀ 1 ਜਨਵਰੀ 2024, 1 ਅਪ੍ਰੈਲ 2024, 1 ਜੁਲਾਈ 2024 ਤੇ 1 ਅਕਤੂਬਰ 2024 ਦੇ ਅਧਾਰ 'ਤੇ 18 ਸਾਲ ਦੀ ਉਮਰ ਪੂਰੀ ਕਰਨ ਵਾਲੇ ਵਿਅਕਤੀਆਂ ਦੀਆਂ ਅਲੱਗ ਤੋਂ ਸੂਚੀਆਂ ਤਿਆਰ ਕਰ ਲਈਆਂ ਜਾਣ ਅਤੇ ਵੋਟਰ ਸੂਚੀਆਂ ਦੀ ਸਰਸਰੀ ਸੁਧਾਈ ਦੌਰਾਨ ਇਨ੍ਹਾਂ ਦੀ ਲਾਜ਼ਮੀ ਤੌਰ 'ਤੇ ਵੋਟਰ ਰਜਿਸਟ੍ਰੇਸ਼ਨ ਕਰਨੀ ਯਕੀਨੀ ਬਣਾਈ ਜਾਵੇ। ਘਰ-ਘਰ ਸਰਵੇ ਦੌਰਾਨ ਪੋਲਿੰਗ ਏਰੀਏ ਵਿੱਚੋਂ ਤਬਦੀਲ ਹੋਏ, ਮਰ ਚੁੱਕੇ, ਡੁਪਲੀਕੇਟ ਵੋਟਰਾਂ ਦੀ ਸੂਚੀ ਤਿਆਰ ਕਰਕੇ ਫਾਰਮ ਨੰ. 7 ਭਰਵਾ ਕੇ ਇਹ ਵੋਟਾਂ ਕੱਟਣ ਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ ਤਾਂ ਜੁ ਅਜਿਹੀਆਂ ਵੋਟਾਂ ਦੀ ਕਟੌਤੀ ਕਰਨ ਉਪਰੰਤ ਲੋਕ ਸਭਾ ਚੋਣਾਂ-2024 ਦੌਰਾਨ ਵੋਟ ਪ੍ਰਤੀਸ਼ਤ ਵਿੱਚ ਵਾਧਾ ਕੀਤਾ ਜਾ ਸਕੇ।

# ਖੇਲੋ ਇੰਡੀਆ ਖੇਡਾਂ ਲਈ ਸਿਲੈਕਸ਼ਨ ਟਰਾਇਲ ਸ਼ੁਰੂ



**ਮੋਗਾ (ਅਮਰਜੀਤ ਬੱਬਰੀ)**-ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ 'ਚ ਨੌਜਵਾਨਾਂ ਨੂੰ ਖੇਡਾਂ ਪ੍ਰਤੀ ਉਤਸ਼ਾਹਿਤ ਕਰਨ ਦੇ ਮਨੋਰਥ ਵਜੋਂ ਸੈਸ਼ਨ 2023-24 ਦੌਰਾਨ ਰਾਜ ਦੇ 23 ਖੇਲੋ ਇੰਡੀਆ ਸੈਂਟਰਾਂ ਵਿੱਚ ਵੱਖ ਵੱਖ ਖੇਡਾਂ ਵਿੱਚ ਸਿਲੈਕਸ਼ਨ ਟਰਾਇਲ ਜ਼ਿਲ੍ਹਾ ਮੋਗਾ ਵਿਖੇ ਵੀ ਸ਼ੁਰੂ ਹੋ ਚੁੱਕੇ ਹਨ। ਇਹ ਸਿਲੈਕਸ਼ਨ ਟਰਾਇਲ ਖੇਡ ਫੁੱਟਬਾਲ ਲਈ ਕਰਵਾਏ ਜਾ ਰਹੇ ਹਨ। ਜ਼ਿਲ੍ਹਾ ਖੇਡ ਅਫ਼ਸਰ ਮੋਗਾ ਬਲਜਿੰਦਰ ਸਿੰਘ ਨੇ ਦੱਸਿਆ ਕਿ ਸਿਲੈਕਸ਼ਨ ਟਰਾਇਲਾਂ ਦੇ ਪਹਿਲੇ ਦਿਨ ਜ਼ਿਲ੍ਹਾ ਮੋਗਾ ਵਿੱਚ 40 ਤੋਂ ਵਧੇਰੇ ਖਿਡਾਰੀਆਂ ਨੇ ਫੁੱਟਬਾਲ ਦੇ ਟਰਾਇਲ ਦਿੱਤੇ ਜਿਨ੍ਹਾਂ ਵਿੱਚੋਂ 10 ਖਿਡਾਰੀਆਂ ਦੀ ਫਾਈਨਲ ਟਰਾਇਲਾਂ ਲਈ ਚੋਣ ਕੀਤੀ ਗਈ। ਇਹ ਸਿਲੈਕਸ਼ਨ ਟਰਾਇਲ ਅਮੋਲ ਅਕੈਡਮੀ ਪਿੰਡ ਖੋਸਾ ਪਾਂਡੋ ਵਿਖੇ ਆਯੋਜਿਤ 3 ਅਗਸਤ ਤੱਕ ਕਰਵਾਏ ਜਾ ਰਹੇ ਹਨ। ਉਨ੍ਹਾ ਦੱਸਿਆ ਕਿ ਟਰਾਇਲਾਂ ਵਿੱਚ ਭਾਗ ਲੈਣ ਵਾਲੇ ਖਿਡਾਰੀਆਂ ਨੂੰ ਸਵੇਰੇ 8:30 ਵਜੇ ਉਕਤ ਸਥਾਨ ਉੱਪਰ ਰਿਪੋਰਟ ਕਰਨੀ ਲਾਜ਼ਮੀ ਹੈ। ਭਾਗ ਲੈਣ ਵਾਲੇ ਖਿਡਾਰੀ ਆਪਣੇ ਨਾਲ ਆਪਣਾ ਅਧਾਰ ਕਾਰਡ, ਜਨਮ ਸਰਟੀਫਿਕੇਟ ਅਤੇ 2 ਪਾਸਪੋਰਟ ਸਾਈਜ਼ ਫੋਟੋਆਂ ਜ਼ਰੂਰੀ ਲਿਆਉਣ। ਜ਼ਿਲਾ ਮੋਗਾ ਨਾਲ ਸੰਬੰਧਤ ਖਿਡਾਰੀ ਖੇਡ ਫੁੱਟਬਾਲ ਦੇ ਸਿਲੈਕਸ਼ਨ ਟਰਾਇਲਾਂ ਸੰਬੰਧੀ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਫੁੱਟਬਾਲ ਕੋਚ ਨਵਤੇਜ ਨਾਲ ਫੋਨ ਨੰਬਰ 99144-91678 ਉੱਪਰ ਸੰਪਰਕ ਕਰ ਸਕਦੇ ਹਨ।

# ਸਿਹਤ ਵਿਭਾਗ ਦੀ ਟੀਮ ਵੱਲੋਂ ਕਰਿਆਨੇ ਦੀਆਂ ਦੁਕਾਨਾਂ ਦੀ ਚੈਕਿੰਗ



**ਬਰੇਟਾ (ਰੀਤਵਾਲ)**-ਸਥਾਨਕ ਸ਼ਹਿਰ 'ਚ ਜ਼ਿਲ੍ਹਾ ਸਿਹਤ ਅਫ਼ਸਰ ਡਾ. ਰਣਜੀਤ ਸਿੰਘ ਰਾਏ ਦੀ ਅਗਵਾਈ ਵਿੱਚ ਸਿਹਤ ਵਿਭਾਗ ਦੀ ਟੀਮ ਵੱਲੋਂ ਕਰਿਆਨਾ, ਹੋਟਲ, ਰੈਸਟੋਰੈਂਟ ਤੇ ਫਾਸਟ ਫੂਡ ਦੀਆਂ ਦੁਕਾਨਾਂ ਦੀ ਚੈਕਿੰਗ ਅਤੇ ਸੈਂਪਲਿੰਗ ਕੀਤੀ ਗਈ। ਇਸ ਮੌਕੇ ਜ਼ਿਲ੍ਹਾ ਸਿਹਤ ਅਫ਼ਸਰ ਡਾ. ਰਣਜੀਤ ਸਿੰਘ ਰਾਏ ਨੇ ਦੱਸਿਆ ਕਿ ਸਿਹਤ ਵਿਭਾਗ ਲੋਕਾਂ ਦੀ ਸਿਹਤ ਸੁਰੱਖਿਆ ਨੂੰ ਲੈ ਕੇ ਹਮੇਸ਼ਾ ਤਤਪਰ ਹੈ, ਜਿਸ ਦੇ ਮੱਦੇਨਜ਼ਰ ਜ਼ਿਲ੍ਹਾ ਪ੍ਰਸ਼ਾਸਨ ਤੇ ਸਿਵਲ ਸਰਜਨ ਡਾ. ਅਸ਼ਵਨੀ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਵਿਭਾਗੀ ਟੀਮਾਂ ਕਾਰਜਸ਼ੀਲ ਰਹਿੰਦੀਆਂ ਹਨ। ਉਨ੍ਹਾਂ ਦੱਸਿਆ ਕਿ ਚੈਕਿੰਗ ਦੌਰਾਨ ਦੁਕਾਨਦਾਰਾਂ ਨੂੰ ਫੂਡ ਸੇਫਟੀ ਐਕਟ ਅਧੀਨ ਲਾਇਸੰਸ ਜਾਰੀ ਕਰਵਾਉਣ ਲਈ ਕਿਹਾ ਗਿਆ ਹੈ ਅਤੇ ਲੋਕਾਂ ਨੂੰ ਸਾਫ ਸੁਥਰਾ ਤੇ ਮਿਲਾਵਟ ਰਹਿਤ ਸਾਮਾਨ ਹੀ ਵੇਚਣ ਦੀ ਹਦਾਇਤ ਕੀਤੀ ਗਈ। ਉਨ੍ਹਾਂ ਕਿਹਾ ਕਿ ਇਸ ਮੌਕੇ ਦੁਕਾਨਾਂ ਅੰਦਰ ਪਏ ਸਾਮਾਨ ਤੇ ਬਣ ਰਹੇ ਸਾਮਾਨ ਦੀ ਜਾਂਚ ਦੌਰਾਨ ਘਿਓ, ਚਾਹ ਪੱਤੀ, ਰਿਫਾਇੰਡ ਤੇ ਖਾਣਾ ਬਣਾਉਣ ਲਈ ਵਰਤੇ ਜਾਂਦੇ ਤੇਲ ਦੇ 12 ਸੈਂਪਲ ਭਰੇ ਗਏ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਜਾਂਚ ਜਾਰੀ ਰਹੇਗੀ ਤਾਂ ਜੋ ਲੋਕਾਂ ਦੀ ਸਿਹਤ ਨਾਲ ਖਿਲਵਾੜ ਨਾ ਹੋ ਸਕੇ।

# ਸਲਾਈਟ ਨੇ ਪੰਜ ਪ੍ਰਮੁੱਖ 'ਵਰਸਿਟੀਆਂ ਨਾਲ ਕੀਤਾ ਸਮਝੌਤਾ




**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**

ਅਖਿਲ ਭਾਰਤੀ ਸਿੱਖਿਆ ਸਮਾਗਮ 2023 ਦੇ ਮੌਕੇ 'ਤੇ ਰਾਸ਼ਟਰੀ ਸਿੱਖਿਆ ਨੀਤੀ-2020 ਦੀ ਤੀਜੀ ਵਰ੍ਹੇਗੰਢ ਮਨਾਉਂਦੇ ਹੋਏ ਸੰਤ ਲੌਂਗੋਵਾਲ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਤੇ ਟੈਕਨਾਲੋਜੀ ਲੌਂਗੋਵਾਲ ਨੇ ਪੰਜ ਪ੍ਰਸਿੱਧ ਯੂਨੀਵਰਸਿਟੀਆਂ ਨਾਲ ਸਮਝੌਤਾ ਪੱਤਰਾਂ (ਐੱਮ.ਓ.ਯੂ.) 'ਤੇ ਹਸਤਾਖਰ ਕਰਕੇ ਅਕਾਦਮਿਕ ਸਹਿਯੋਗ ਤੇ ਗਿਆਨ ਦੇ ਅਦਾਨ-ਪ੍ਰਦਾਨ ਨੂੰ ਉਤਸ਼ਾਹਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਿਆ। ਇਨ੍ਹਾਂ ਸਾਂਝੇਦਾਰੀਆਂ ਵਿੱਚ ਦਾਖਲ ਹੋਣ ਵਾਲੀਆਂ ਮਾਣਯੋਗ ਯੂਨੀਵਰਸਿਟੀਆਂ ਵਿੱਚ ਭਾਰਤੀ ਤਕਨਾਲੋਜੀ ਸੰਸਥਾਨ ਜੰਮੂ, ਨੈਸ਼ਨਲ ਇੰਸਟੀਚਿਊਟ ਆਫ਼ ਟੈਕਨਾਲੋਜੀ ਅਗਰਤਲਾ, ਨੈਸ਼ਨਲ ਇੰਸਟੀਚਿਊਟ ਆਫ਼ ਟੈਕਨਾਲੋਜੀ ਵਾਰੰਗਲ, ਨੈਸ਼ਨਲ ਇੰਸਟੀਚਿਊਟ ਆਫ਼ ਟੈਕਨਾਲੋਜੀ ਪਟਨਾ ਤੇ ਮੋਦੀ ਯੂਨੀਵਰਸਿਟੀ ਆਫ਼ ਸਾਇੰਸ ਐਂਡ ਟੈਕਨਾਲੋਜੀ ਸ਼ਾਮਲ ਹਨ। ਸਮਝੌਤਿਆਂ ਦੀ ਅਧਿਕਾਰਤ ਹਸਤਾਖਰ ਉੱਘੀਆਂ ਹਸਤੀਆਂ ਪ੍ਰੋ. ਮਣੀ ਕਾਂਤ ਪਾਸਵਾਨ, ਡਾਇਰੈਕਟਰ, ਸਲਾਈਟ ਸਮੇਤ ਸਬੰਧਤ ਸੰਸਥਾਵਾਂ ਦੇ ਡਾਇਰੈਕਟਰਾਂ, ਪ੍ਰੋ: ਮਨੋਜ ਸਿੰਘ ਗੌੜ, ਨਿਰਦੇਸ਼ਕ ਆਈ.ਆਈ.ਟੀ. ਜੰਮੂ, ਪ੍ਰੋ. ਐੱਸ ਕੇ ਪਾਤਰਾ ਡਾਇਰੈਕਟਰ ਨੈਸ਼ਨਲ ਇੰਸਟੀਚਿਊਟ ਆਫ਼ ਟੈਕਨਾਲੋਜੀ ਅਗਰਤਲਾ, ਪ੍ਰੋ. ਬੀ ਡੀ ਸੁਬੁਧੀ ਡਾਇਰੈਕਟਰ ਨੈਸ਼ਨਲ ਇੰਸਟੀਚਿਊਟ ਆਫ਼ ਟੈਕਨਾਲੋਜੀ ਵਾਰੰਗਲ, ਪ੍ਰੋ. ਪ੍ਰਦੀਪ ਕੁਮਾਰ ਜੈਨ ਡਾਇਰੈਕਟਰ ਨੈਸ਼ਨਲ ਇੰਸਟੀਚਿਊਟ ਆਫ਼ ਟੈਕਨਾਲੋਜੀ, ਪਟਨਾ ਤੇ ਪ੍ਰੋਫ਼ੈਸਰ ਰਾਜੀਵ ਮਾਥੁਰ ਡਾਇਰੈਕਟਰ ਮੋਦੀ ਯੂਨੀਵਰਸਿਟੀ ਆਫ਼ ਸਾਇੰਸ ਐਂਡ ਟੈਕਨਾਲੋਜੀ ਦੇ ਵਿਚਕਾਰ ਹੋਏ। ਇਹ ਸਹਿਮਤੀ ਪੱਤਰ ਅਕਾਦਮਿਕ ਪ੍ਰਗਤੀ ਨੂੰ ਹੁਲਾਰਾ ਦੇਣ ਤੇ ਸਹਿਯੋਗੀ ਅਕਾਦਮਿਕ ਮਾਹੌਲ ਨੂੰ ਉਤਸ਼ਾਹਤ ਕਰਨ ਲਈ ਇੱਕ ਮਹੱਤਵਪੂਰਨ ਕਦਮ ਤੇ ਸਿੱਖਿਆ ਅਤੇ ਖੋਜ ਵਿੱਚ ਉੱਤਮਤਾ ਦੇ ਸਹਿਯੋਗੀ ਸੰਸਥਾਵਾਂ ਦੇ ਸਾਂਝੇ ਉਦੇਸ਼ ਨੂੰ ਦਰਸਾਉਂਦੇ ਹਨ। ਸਲਾਈਟ ਲੌਂਗੋਵਾਲ ਤੇ ਇਸ ਦੀਆਂ ਵੱਕਾਰੀ ਭਾਈਵਾਲ ਯੂਨੀਵਰਸਿਟੀਆਂ ਆਪਣੇ ਸਹਿਯੋਗ ਦੇ ਨਤੀਜੇ ਵਜੋਂ ਵਿਦਵਤਾ ਭਰਪੂਰ ਖੋਜ ਤੇ ਸਿਰਜਣਾਤਮਕਤਾ ਦੇ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਕਰਨ ਲਈ ਤਿਆਰ ਹਨ, ਜੋ ਭਵਿੱਖ ਦੀਆਂ ਪੀੜ੍ਹੀਆਂ ਨੂੰ ਆਪਣੇ ਗਿਆਨ ਦੀ ਖੋਜ ਵਿੱਚ ਉੱਚ ਟੀਚਾ ਰੱਖਣ ਤੇ ਉਚਾਈਆਂ ਪ੍ਰਾਪਤ ਕਰਨ ਲਈ ਉਤਸ਼ਾਹਤ ਕਰਦੀਆਂ ਹਨ।


**ਉੱਤਰ ਰੇਲਵੇ**

ਆਜ਼ਾਦੀ ਕਾ ਅੰਮ੍ਰਿਤ ਮਹੋਤਸਵ

**ਟੈਂਡਰ ਸੂਚਨਾ**

ਸੀਨੀਅਰ ਮੰਡਲ ਵਾਣਿਜਯ ਪ੍ਰਬੰਧਕ, ਉੱਤਰ ਰੇਲਵੇ, ਫਿਰੋਜ਼ਪੁਰ ਦੇ ਦੁਵਾਰਾ ਤੋਂ ਫਿਰੋਜ਼ਪੁਰ ਮੰਡਲ ਦੇ ਹਾਲਟ ਸਟੇਸ਼ਨਾਂ ਉਤੇ ਟਿਕਟ ਵਿਤਰਣ ਕਰਨ ਲਈ ਹਾਲਟ ਠੇਕੇਦਾਰ ਦੀ ਨਿਯੁਕਤੀ ਲਈ ਆਵੇਦਨ ਪੱਤਰ ਮੰਗ ਕੀਤੇ ਜਾਂਦੇ ਹਨ :-

| | | |
|---|---|---|
| 1 | ਕੰਮ ਦਾ ਨਾਮ | ਫਿਰੋਜ਼ਪੁਰ ਮੰਡਲ ਗਰਨਾ ਸਾਹਿਬ, ਜਮਸ਼ੇਰ ਖਾਸ, ਸ਼ਾਮ ਚੋਰਾਸੀ, ਖਟਕੜ ਕਲਾਂ ਝੰਡਾ ਜੀ, ਜੈਜੋਂ ਦੋਆਬਾ, ਮਾਲੂਪੋਤਾ, ਗੜ੍ਹਸ਼ੰਕਰ, ਸੈਲਾਖੁਰਦ, ਡੂਡਵਿੰਡੀ, ਚਕ ਦਯਾਲਾ, ਬੂਟੇਵਾਲਾ, ਸਿਨਧਡ ਅਤੇ ਹਿਲਲਰਸ਼ਾਹਾਬਾਦ ਹਾਲਟ ਸਟੇਸ਼ਨ ਅਗਲੇ 5 ਸਾਲ ਦੇ ਲਈ ਠੇਕੇ ਦਾ ਅਲਾਟਮੈਂਟ। |
| 2 | ਟੈਂਡਰ ਜਮਾਂ ਕਰਨ ਦੀ ਆਖਰੀ ਮਿਤੀ ਤੇ ਟੈਂਡਰ ਖੁਲਣ ਦਾ ਸਮਾਂ | ਮਿਤੀ 05.09.2023 ਨੂੰ 15:00 ਵਜੇ ਤਕ (ਕਿਸੀ ਕਾਰਣ ਵਸ਼ ਦਫਤਰ ਬੰਦ ਹੋਣ ਦੀ ਸਥਿਤੀ ਵਿਚ ਆਵੇਦਨ ਪੱਤਰ ਅਗਲੇ ਕੰਮ ਵਾਲੇ ਦਿਨ ਉਤੇ ਖੋਲੇ ਜਾਣਗੇ।) |
| 3 | ਦਫਤਰ ਦਾ ਪਤਾ ਅਤੇ ਮਿਤੀ ਜਿਥੋਂ ਤੋਂ ਆਵੇਦਨ ਪੱਤਰ ਪ੍ਰਾਪਤ ਕੀਤੇ ਜਾਂ ਸਕਦੇ ਹਨ। | ਸੀਨੀ.ਮੰਡਲ ਵਾਣਿਜਯ ਪ੍ਰਬੰਧਕ, ਉੱਤਰ ਰੇਲਵੇ, ਫਿਰੋਜ਼ਪੁਰ ਮਿਤੀ 03.08.2023 ਤੋ 05.09.2023 ਤਕ ਕਿਸੀ ਵੀ ਕੰਮ ਵਾਲੇ ਦਿਨ ਉਤੇ ਅਤੇ ਉੱਤਰ ਰੇਲਵੇ ਦੀ ਵੈਬਸਾਈਟ www.nr.indianrailways.gov.in ਤੋਂ ਡਾਊਨਲੋਡ ਕੀਤੇ ਜਾਂ ਸਕਦੇ ਹਨ। |

ਇਸ ਅਲਾਟਮੈਂਟ ਤੋਂ ਸਬੰਧਿਤ ਦਸਤਾਵੇਜ ਜਿਸਤਰ੍ਹਾਂ ਆਵੇਦਨ ਪੱਤਰ, ਅਨੁਦੇਸ਼ ਕਰਾਰਨਾਮਾ ਅਤੇ ਨਿਯਮ ਤੇ ਸ਼ਰਤਾਂ ਨੂੰ ਉੱਤਰ ਰੇਲਵੇ ਦੀ ਵੈਬਸਾਈਟ www.nr.indianrailways.gov.in ਉਤੇ ਤੋਂ ਡਾਊਨਲੋਡ ਕੀਤੇ ਜਾਂ ਸਕਦੇ ਹਨ। 2395/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

